ਸਿਧਾਂਤ
ਲਾਜ਼ਮੀ
ਜੂਨ 2010

Nestlé
Good Food, Good Life

ਨੈਸਲੇ ਕਾਰਪੋਰੇਟ ਬਿਜ਼ਨਸ ਪਿੰਸਿਪਲਜ਼



ਸਿਧਾਂਤ
ਲਾਜ਼ਮੀ
ਜੂਨ 2010

Pr

ਲੇਖਕ/ਜਾਰੀ ਕਰਨ ਵਾਲਾ ਵਿਭਾਗ
ਮੁੱਖੀ ਅਤੇ ਮੁੱਖ ਕਾਰਜਕਾਰੀ ਅਧਿਕਾਰੀ

ਲੱਛਿਤ ਦਰਸ਼ਕ
ਸਾਰੇ ਕਰਮਚਾਰੀ

ਸੰਬੰਧਿਤ ਸਮੂਹ ਸਿਧਾਂਤ, ਨੀਤੀਆਂ, ਮਾਨਕ, ਦਿਸ਼ਾ-ਨਿਰਦੇਸ਼
ਵਪਾਰ ਆਚਾਰ ਸੰਹਿਤਾ,
ਨੈਸਲੇ ਪ੍ਰਬੰਧਨ ਅਤੇ ਅਗੁਆਈ ਸਿਧਾਂਤ

ਭੰਡਾਰ ਘਰ
ਸਾਰੇ ਨੈਸਲੇ ਸਿਧਾਂਤ ਅਤੇ ਨੀਤੀਆਂ, ਮਾਨਕ ਅਤੇ ਦਿਸ਼ਾ-ਨਿਰਦੇਸ਼
ਇਹਨਾਂ ਨੂੰ ਤੁਸੀਂ ਵੇਖ ਸਕਦੇ ਹੋ ਕੇਂਦਰੀ ਆਨਲਾਈਨ ਭੰਡਾਰਘਰ ਵਿਖੇ
http://intranet.nestle.com/nestledocs
ਤੇ ਪਾਏ ਜਾ ਸਕਦੇ ਹਨ।

ਪ੍ਰਕਾਸ਼ਨ ਦੀ ਮਿਤੀ
ਜੂਨ 2010

ਕਾਪੀਰਾਈਟ ਅਤੇ ਗੋਪਨੀਅਤਾ
ਇਸ ਦਸਤਾਵੇਜ ਦੀ ਸਮੱਗਰੀ ਪਹਿਲਾਂ ਤੋਂ ਪ੍ਰਾਪਤ ਕੀਤੀ ਅਧਿਕਾਰ
ਬਿਨ ਜਾਰੀ ਨਹੀਂ ਕੀਤੀ ਜਾ ਸਕਦੀ।
ਸਾਰੇ ਹੱਕ Nestlec Ltd., 1800 Vevey, Switzerland ਨਾਲ
ਸੰਬੰਧਿਤ ਹਨ।
© 2010, Nestlec Ltd.

ਕਿਸੇ ਸ਼ੱਕ ਜਾਂ ਵਿਆਖਿਆ ਵਿੱਚ ਫਰਕ ਦੇ ਮਾਮਲੇ ਵਿੱਚ, ਅੰਗਰੇਜ਼ੀ
ਸੰਸਕਰਣ ਦੀ ਸਮੱਗਰੀ ਮੰਨੀ ਜਾਵਗੀ।

ਡਿਜ਼ਾਇਨ
ਨੈਸਲੇ ਲਿਮ. ਕਾਰਪੋਰੇਟ ਆਈਡੈਂਟਿਟੀ ਅਤੇ ਡਿਜ਼ਾਇਨ,
ਵੇਵੇ, ਸਵਿਟਜ਼ਰਲੈਂਡ

ਉਤਪਾਦਨ
ਅਲਟਾਵਿਆ ਸਵਿੱਸ (Altavia Swiss)

ਕਾਗਜ਼
ਇਹ ਰਿਪੋਰਟ BVS ਤੇ ਛਾਪੀ ਜਾਂਦੀ ਹੈ, ਜੋ ਚੰਗੀ ਤਰ੍ਹਾਂ ਸਾਂਭ-ਸੰਭਾਲ
ਕੀਤੇ ਜੰਗਲ ਅਤੇ ਫੋਰੇਸਟ ਸਟੀਵਾਰਡਸ਼ਿਪ ਕੌਂਸਲ (FSC) ਦੁਆਰਾ
ਪ੍ਰਮਾਣਿਤ ਹੋਰ ਨਿਯੰਤ੍ਰਿਤ ਸਰੋਤ ਪੈਦਾ ਕੀਤਾ ਗਿਆ ਕਾਗਜ਼ ਹੈ।

ਤੱਤਾਂ ਦੀ ਸਾਰਣੀ

3. ਮੁੱਖੀ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਦੀ ਵਚਨਬੱਧਤਾ

5. ਸਥਿਰਤਾ ਦੀ ਨੀਂਹ ਅਤੇ ਸਾਂਝੀਆਂ ਕਦਰਾਂ ਪੈਦਾ ਕਰਨਾ

6. ਵਪਾਰ ਸੰਚਾਲਨ ਦੇ ਦੱਸ ਸਿਧਾਂਤ

ਗ੍ਰਾਹਕ

1. ਨਿਊਟ੍ਰੀਸ਼ਨ, ਸਿਹਤ ਅਤੇ ਤੰਦਰੁਸਤੀ
2. ਗੁਣਵੱਤਾ ਆਸ਼ਵਾਸਨ ਅਤੇ ਉਤਪਾਦ ਦੀ ਸੁਰੱਖਿਆ
3. ਗ੍ਰਾਹਕ ਸੰਚਾਰ

ਮਨੁੱਖੀ ਹੱਕ ਅਤੇ ਮਜ਼ਦੂਰੀ ਅਭਿਆਸ

4. ਸਾਡੀਆਂ ਵਪਾਰਕ ਸਰਗਰਮੀਆਂ ਵਿੱਚ ਮਨੁੱਖੀ ਹੱਕ

ਸਾਡੇ ਬੰਦੇ

5. ਅਗੁਆਈ ਅਤੇ ਨਿੱਜੀ ਜੁੰਮੇਵਾਰੀ
6. ਕੰਮ ਅਤੇ ਸੁਰੱਖਿਆ ਅਤੇ ਸਿਹਤ ਅਪੂਰਤੀਕਾਰ ਅਤੇ ਗ੍ਰਾਹਕ
7. ਆਪੂਰਤੀਕਾਰ ਅਤੇ ਗ੍ਰਾਹਕ ਸੰਬੰਧ
8. ਖੇਤੀ-ਬਾੜੀ ਅਤੇ ਪੇਂਡੂ ਵਿਕਾਸ

ਵਾਤਾਵਰਨ

9. ਵਾਤਾਵਰਨ ਦੀ ਸਥਿਰਤਾ
10. ਪਾਣੀ

8. ਵਿਸਤਾਰਤ ਵਾਰਤਾ ਅਤੇ ਕਾਰਪੋਰੇਟ ਨੀਤੀਆਂ ਲਈ ਕੜੀ

8. ਗ੍ਰਾਹਕ
9. ਮਨੁੱਖੀ ਹੱਕ ਅਤੇ ਮਜ਼ਦੂਰੀ ਅਭਿਆਸ
10. ਸਾਡੇ ਬੰਦੇ
11. ਆਪੂਰਤੀਕਾਰ ਅਤੇ ਗ੍ਰਾਹਕ
12. ਵਾਤਾਵਰਨ

13. ਲੇਖਾ ਪੜਤਾਲ

ਨੈਸਲੇ ਦੇ ਸਿਧਾਂਤ ਅਤੇ ਨੀਤੀਆਂ ਦਾ ਨਕਸ਼ਾ

ਵਪਾਰ ਸੰਚਾਲਨ ਦੇ ਦੱਸ ਸਿਧਾਂਤ

ਗ੍ਰਾਹਕ

1
ਪੋਸ਼ਣ, ਸਿਹਤ ਅਤੇ ਤੰਦਰੁਸਤੀ

ਪੋਸ਼ਣ, ਸਿਹਤ ਅਤੇ ਤੰਦਰੁਸਤੀ ਉੱਤੇ ਨੈਸਲੇ ਦੇ ਸਿਧਾਂਤ

2
ਗੁਣਵੱਤਾ ਆਸ਼ਵਾਸਨ ਅਤੇ ਉਤਪਾਦ ਦੀ ਸੁਰੱਖਿਆ

ਨੈਸਲੇ ਦੀ ਗੁਣਵੱਤਾ ਨੀਤੀ

ਨੈਸਲੇ ਪੋਸ਼ਣ ਗੁਣਵੱਤਾ ਨੀਤੀ

3
ਗ੍ਰਾਹਕ ਸੰਚਾਰ

ਨੈਸਲੇ ਗ੍ਰਾਹਕ ਸੰਚਾਰ ਸਿਧਾਂਤ

ਪੋਸ਼ਣ ਅਤੇ ਸਿਹਤ ਦਾਅਵਿਆਂ ਉੱਤੇ ਨੈਸਲੇ ਦੀ ਨੀਤੀ

ਨੈਸਲੇ ਪੋਸ਼ਣ ਰੂਪਰੇਖਾ ਪ੍ਰਣਾਲੀ

ਨੈਸਲੇ ਪੋਸ਼ਣ ਕੰਪਾਸ

ਮਾਂ ਦੇ ਦੁੱਧ ਦੇ ਬਦਲੇ ਦੀ ਮਾਰਕੀਟਿੰਗ ਦਾ WHO ਅੰਤਰਰਾਸ਼ਟਰੀ ਕੋਡ*

ਨੈਸਲੇ ਨਿੱਜਤਾ ਨੀਤੀ

ਮਨੁੱਖੀ ਹੱਕ ਅਤੇ ਮਜ਼ਦੂਰੀ ਅਭਿਆਸ

4
ਸਾਡੀਆਂ ਵਾਪਰਕ ਸਰਗਰਮੀਆਂ ਵਿੱਚ ਮਨੁੱਖੀ ਹੱਕ

ਯੂ. ਐੱਨ. ਦਾ ਵਿਸ਼ਵਵਿਆਪੀ ਵਚਨ*

ILO ਕਨਵੇਨਸ਼ਨ 87, 138, 182*

ਬੱਚੇ ਦੇ ਹੱਕ ਲਈ ਯੂ. ਐੱਨ. ਕਨਵੇਨਸ਼ਨ ਆਰਟੀਕਲ 32*

ਬਹੁਰਾਸ਼ਟਰੀ ਉੱਧਮਾਂ ਲਈ OECD ਦਾ ਦਿਸ਼ਾ ਨਿਰਦੇਸ਼ 2000*

ਬਹੁਰਾਸ਼ਟਰੀ ਉੱਧਮਾਂ ਲਈ ILO ਦੀ ਘੋਸ਼ਣਾ 2006*

ਸਾਡੇ ਬੰਦੇ

5
ਅਗੁਆਈ ਅਤੇ ਨਿੱਜੀ ਜ਼ੁੰਮੇਵਾਰੀ

ਨੈਸਲੇ ਪ੍ਰਬੰਧਨ ਅਤੇ ਅਗੁਆਈ ਸਿਧਾਂਤ

ਨੈਸਲੇ ਵਪਾਰ ਆਚਾਰ ਸੰਹਿਤਾ

ਨੈਸਲੇ ਦੇ ਕੰਮ ਦੀ ਨੀਤੀ

ਸਪਲਾਈਅਰ ਅਤੇ ਗ੍ਰਾਹਕ

ਵਾਤਾਵਰਨ

6
ਕੰਮ ਦੀ ਥਾਂ ਵਿਖੇ ਸੁਰੱਖਿਆ ਅਤੇ ਸਿਹਤ

ਕੰਮ ਦੀ ਥਾਂ ਵਿਖੇ ਸੁਰੱਖਿਆ ਅਤੇ ਸਿਹਤ ਦੀ ਨੈਸਲੇ ਨੀਤੀ

7
ਸਪਲਾਈਅਰ ਅਤੇ ਗ੍ਰਾਹਕ ਦੇ ਰਿਸ਼ਤੇ

ਨੈਸਲੇ ਦੀ ਸਪਲਾਈਅਰ ਕੋਡ

8
ਖੇਤੀਬਾੜੀ ਅਤੇ ਪੇਂਡੂ ਵਿਕਾਸ

ਵਾਤਾਵਰਨ ਦੀ ਸਥਿਰਤਾ ਬਾਰੇ ਨੈਸਲੇ ਦੀ ਨੀਤੀ

9
ਵਾਤਾਵਰਨ ਦੀ ਸਥਿਰਤਾ

ਵਾਤਾਵਰਨ ਦੀ ਸਥਿਰਤਾ ਬਾਰੇ ਨੈਸਲੇ ਨੀਤੀ

10
ਪਾਣੀ

ਵਾਤਾਵਰਨ ਦੀ ਸਥਿਰਤਾ ਬਾਰੇ ਨੈਸਲੇ ਨੀਤੀ

ਪਾਣੀ ਬਾਰੇ ਨੈਸਲੇ ਦੀ ਵਚਨਬੱਧਤਾ

ਮੁੱਖੀ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਦੀ ਵਚਨਬੱਧਤਾ

ਨੈਸਲੈ ਕਾਰਪੋਰੇਟ ਬਿਜ਼ਨਸ ਪ੍ਰਿੰਸੀਪਲਜ਼ ਸਾਡੀ ਕੰਪਨੀ ਦੇ ਸੱਭਿਆਚਾਰ ਦਾ ਆਧਾਰ ਹਨ, ਜੋ 140 ਸਾਲਾਂ ਦੀ ਮਿਆਦ ਤੋਂ ਵੀ ਵੱਧ ਸਮੇਂ ਤੋਂ ਵਿਕਸਿਤ ਹੋ ਰਹੇ ਹਨ। ਕਿਉਂਕਿ ਹੇਨਰੀ ਨੈਸਲੇ ਨੇ ਪਹਿਲੀ ਵਾਰ ਆਪਣਾ ਸਫਲ ਸ਼ਿਸ਼ੂ ਕਰਨ "ਫੈਰੀਨ ਲੈਕਟੋ" ਵਿਕਸਿਤ ਕੀਤਾ ਸੀ, ਅਸੀਂ ਇਸ ਮੌਲਿਕ ਸਿਧਾਂਤ ਤੇ ਆਪਣਾ ਵਪਾਰ ਖੜਾ ਕੀਤਾ ਹੈ ਕਿ ਆਪਣੇ ਸ਼ੇਅਰਧਾਰਕਾਂ ਲਈ ਚਿਰਕਾਲੀ ਸਫਲਤਾ ਪ੍ਰਾਪਤ ਕਰਨ ਲਈ, ਸਾਨੂੰ ਨਾ ਸਿਰਫ ਲਾਗੂ ਕਨੂੰਨੀ ਲੋੜਾਂ ਦਾ ਪਾਲਨ ਕਰਨਾ ਹੋਵੇਗਾ ਅਤੇ ਯਕੀਨੀ ਬਣਾਉਣਾ ਹੋਵੇਗਾ ਕਿ ਸਾਡੀਆਂ ਸਾਰੀਆਂ ਕਿਰਿਆਵਾਂ ਚਿਰਕਾਲੀ ਹਨ, ਪਰ ਇਸ ਤੋਂ ਇਲਾਵਾ ਸਾਨੂੰ ਸਮਾਜ ਲਈ ਜਰੂਰੀ ਕਦਰ ਵੀ ਬਣਾਉਣੀ ਹੋਵੇਗੀ। ਨੈਸਲੇ ਵਿੱਚ ਅਸੀਂ ਇਸ ਨੂੰ ਸਾਂਝੀ ਕਦਰ ਪੈਦਾ ਕਰਨਾ ਕਹਿੰਦੇ ਹਾਂ।

ਭਾਂਵੇਂ ਸਾਡੇ ਨੈਸਲੇ ਕਾਰਪੋਰੇਟ ਵਪਾਰ ਸਿਧਾਂਤ ਪਹਿਲਾਂ 1998 ਵਿੱਚ ਇੱਕ ਮਿਸ਼ਰਤ ਦਸਤਾਵੇਜ ਵਜੋਂ ਪ੍ਰਕਾਸ਼ਿਤ ਹੋਏ ਸਨ, ਇਹਨਾਂ ਵਿੱਚੋਂ ਬਹੁਤ ਸਾਰੇ ਪਹਿਲਾਂ ਕਈ ਸਾਲਾਂ ਤੋਂ ਹੀ ਵਿਅਕਤੀਗਤ ਫਾਰਮਾਂ ਵਿੱਚ ਸਥਾਪਤ ਹੋ ਚੁੱਕੇ ਸਨ। ਜਦ ਕਿ ਵਪਾਰਕ ਸਿਧਾਂਤ ਵਿਸ਼ਚਿਤਤਾ ਨਾਲ ਸਥਾਪਤ ਕੀਤੇ ਗਏ ਹਨ, ਉਹ ਵੀ ਲਗਾਤਾਰ ਬਦਲਦੀ ਹੋਈ ਦੁਨੀਆਂ ਵਿੱਚ ਵਿਕਸਿਤ ਅਤੇ ਅਨੁਕੂਲਤ ਹੋ ਰਹੇ ਹਨ। ਮਿਸਾਲ ਵਜੋਂ ਨੈਸਲੇ ਨੇ ਯੂਨਾਈਟਡ ਨੇਸ਼ਨਜ਼ ਗਲੋਬਲ ਕੰਪੈਕਟ ਦੇ ਸਾਰੇ ਦੱਸ ਸਿਧਾਂਤਾਂ ਦੇ ਬਨਣ ਤੋਂ ਤੁਰੰਤ ਬਾਅਦ ਇਨ੍ਹਾਂ ਨੂੰ ਅਪਣਾ ਲਿਆ ਅਤੇ ਇਨ੍ਹਾਂ ਨੂੰ ਹੁਣ ਤੱਕ ਲਗਾਤਾਰ ਲਾਗੂ ਕਰਦੇ ਰਹੇ ਹਨ।

ਨਵਾਂ ਸੋਧਿਆ ਰੂਪ ਪਿਛਲੇ ਦੋ ਸੰਸਕਰਣਾਂ ਤੋਂ ਵੱਖ ਹੈ ਕਿਉਂਕਿ ਇਸ ਵਿੱਚ ਵਪਾਰ ਚਲਾਉਣ ਦੇ ਦੱਸ ਸਿਧਾਂਤ ਖਾਸ ਤੌਰ 'ਤੇ ਜਿਆਦਾ ਵਿਸਤਾਰਤ ਸਿਧਾਂਤਾਂ, ਨੀਤੀਆਂ, ਮਿਆਰ ਅਤੇ ਦਿਸ਼ਾਂ ਨਿਰਦੇਸ਼ਾਂ ਦੀਆਂ ਓਨਲਾਈਨ ਨਕਲਾਂ ਨਾਲ ਸੰਬੰਧਿਤ ਹਨ। ਇਸ ਨੇ ਹਰ ਸਿਧਾਂਤ ਦੇ ਬਿਆਨ ਨੂੰ ਜਿਆਦਾ ਛੋਟਾ ਕਰਨ ਦਿੱਤਾ ਹੈ, ਜਦ ਕਿ ਵਰਲਡ ਵਾਈਡ ਵੈਬ ਤੇ ਹਰ ਇੱਕ ਲਈ ਲਾਗੂ ਕਰਨ ਦੇ ਜਿਆਦਾ ਵਿਸਤਾਰਤ ਉਪਾਅ ਪ੍ਰਦਾਨ ਕੀਤੇ ਹਨ। ਨਾਲ ਹੀ, ਪਹਿਲੀ ਵਾਰ, ਦਸਤਾਵੇਜ ਦੇ ਸ਼ੁਰੂ ਵਿੱਚ ਸਿਧਾਂਤਾਂ ਦਾ ਨਕਸ਼ਾ ਅਤੇ ਸਬੰਧਿਤ ਕੰਪਨੀ ਦੇ ਸੁਝਾਅ ਦੀ ਸਮੀਖਿਆ ਨੂੰ ਸ਼ਾਮਲ ਕੀਤਾ ਹੈ।

ਅਸੀਂ ਇਕ ਮਜ਼ਬੂਤ ਅਨੁਪਾਲਨ ਸੱਭਿਆਚਾਰ 'ਤੇ ਯਕੀਨ ਰੱਖਦੇ ਹਾਂ ਜੋ ਸਾਡੇ ਵਪਾਰ ਵਿੱਚ ਪੂਰੀ ਤਰ੍ਹਾਂ ਅੰਦਰ ਸਥਾਪਤ ਹੋ ਚੁੱਕਿਆ ਹੈ। ਕਾਰਪੋਰੇਟ ਬਿਜ਼ਨਸ ਸਿਧਾਂਤ ਅਤੇ ਇਸ ਨਾਲ ਸਬੰਧਿਤ ਦਸਤਾਵੇਜ਼ ਇਸ ਵਚਨਬੱਧਤਾ ਨੂੰ ਦਰਸਾਉਂਦੇ ਹਨ ਅਤੇ ਇਸ ਤਰ੍ਹਾਂ ਨੈਸਲੇ ਬਰਾਂਡ ਵਿਖੇ ਸਾਡੇ ਗ੍ਰਾਹਕਾਂ ਅਤੇ ਹੋਰ ਹਿੱਤ ਧਾਰਕਾਂ ਦੇ ਭਰੋਸੇ ਦੀ ਰੱਖਿਆ ਕਰਦੇ ਹਨ। ਸਾਡੇ ਅੰਦਰੂਨੀ ਨਿਯਮਾਂ ਲਈ ਨਾ ਸਿਰਫ ਕਰੜੇ ਅਨੁਪਾਲਨ ਦੀ ਲੋੜ ਹੈ, ਉਹ ਸਾਡੀਆਂ ਕਾਰਵਾਈਆਂ ਨੂੰ ਰਾਹ ਵਿਖਾਉਂਦੇ ਹਨ ਭਾਵੇਂ ਕਾਨੂੰਨ ਇਸ ਵੱਲ ਨਰਮ ਹੋਵੇ ਜਾਂ ਜਿੱਥੇ ਬਿਲਕੁਲ ਵੀ ਕੋਈ ਕਾਨੂੰਨ ਲਾਗੂ ਨਾ ਹੋਵੇ। ਨੈਸਲੇ ਲਈ ਪੁਸ਼ਟੀ ਕੀਤਾ ਗਿਆ ਅਨੁਪਾਲਨ ਜਾਂਚ ਸੂਚੀ ਬਣਾਏ ਰੱਖਣ ਤੋਂ ਵੀ ਪਰੇ ਜਾਂਦਾ ਹੈ। ਇਸ ਲਈ ਪੱਕੇ ਸਿਧਾਂਤਾਂ ਦੀ ਲੋੜ ਹੁੰਦੀ ਹੈ ਜੋ ਪੂਰੀ ਕੰਪਨੀ ਵਿੱਚ ਲਾਗੂ ਹੁੰਦੇ ਹਨ ਅਤੇ ਸਾਡੇ ਕਰਮਚਾਰੀਆਂ ਨੂੰ ਸਪਸ਼ਟ ਮਾਰਗ ਦਰਸ਼ਨ ਪ੍ਰਦਾਨ ਕਰਦੇ ਹਨ।

ਨੈਸਲੇ ਦੇ ਮੁੱਖੀ ਅਤੇ ਮੁੱਖ ਕਾਰਜਕਾਰੀ ਅਫਸਰ ਹੋਣ ਨਾਤੇ ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਸਾਡੀ ਪੂਰੀ ਕੰਪਨੀ ਦਾ ਪ੍ਰਬੰਧਨ ਇਨ੍ਹਾਂ ਸਿਧਾਂਤਾਂ ਮੁਤਾਬਕ ਹੋ ਰਿਹਾ ਹੈ ਅਤੇ ਇਸ ਲਈ ਦੁਨੀਆਂ ਭਰ ਵਿੱਚ ਸਾਡੇ ਕਰਮਚਾਰੀਆਂ ਵੱਲੋਂ ਅਨੁਪਾਲਨ ਦੀ ਲੋੜ ਹੁੰਦੀ ਹੈ। ਅਸੀਂ ਲਗਾਤਾਰ ਵਿਕਾਸ ਕਰਨ ਲਈ ਵੀ ਵਚਨਬੱਧ ਹਾਂ ਅਤੇ ਆਪਣੇ ਕਾਰਪੋਰੇਟ ਬਿਜ਼ਨਸ ਪ੍ਰਿਸੀਪਲਜ਼ ਦੇ ਕਿਸੇ ਵੀ ਖੇਤਰ ਨਾਲ ਸੰਬੰਧਤ ਬਾਹਰੀ ਨਿਯੁਕਤੀਆਂ ਕਰ ਸਕਦੇ ਹਾਂ।

Peter Brabeck-letmathe
Chairman of the Board

Paul Bulcke
Chife Executive Officer

ਸਥਿਰਤਾ ਦੀ ਨੀਂਹ ਅਤੇ ਸਾਂਝੀਆਂ ਕਦਰਾਂ ਪੈਦਾ ਕਰਨਾ

ਕਿਉਂਕਿ ਨੈਸਲੇ ਸਿਧਾਂਤ ਤੇ ਅਧਾਰਿਤ ਕੰਪਨੀ ਹੈ, ਨੈਸਲੇ ਦੇ ਕਾਰਪੋਰੇਟ ਵਪਾਰ ਸਿਧਾਂਤ ਸਾਡੇ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਦੀ ਨੀਂਹ ਬਣਦੇ ਹਨ। ਨੈਸਲੇ ਦੇ ਕਾਰਪੋਰੇਟ ਵਪਾਰਕ ਸਿਧਾਂਤਾਂ ਅਤੇ ਹਰ ਸਿਧਾਂਤ ਨਾਲ ਸਬੰਧਿਤ ਖਾਸ ਨੀਤੀਆਂ ਦਾ ਪਾਲਨ ਕਰਨਾ ਹਰ ਕਰਮਚਾਰੀ ਲਈ ਲਾਜ਼ਮੀ ਹੈ ਅਤੇ ਇਨ੍ਹਾਂ ਦੇ ਲਾਗੂ ਹੋਣ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਨਿਯਮਿਤ ਤੌਰ ਤੇ ਲੇਖਾ ਪੜਤਾਲ ਕੀਤੀ ਜਾਂਦੀ ਹੈ।

ਜਿਵੇਂ ਕਿ ਹੇਠਾਂ ਦਿੱਤੇ ਚਿੱਤਰ ਵਿੱਚ ਵਿਖਾਇਆ ਗਿਆ ਹੈ, ਨੈਸਲੇ ਦੇ ਕਾਰਪੋਰੇਟ ਵਪਾਰਿਕ ਸਿਧਾਂਤਾਂ ਦਾ ਅਨੁਪਾਲਨ ਕੰਪਨੀ ਦੀ ਉਸ ਵਚਨਬੱਧਤਾ ਦੀ ਨੀਂਹ ਹੈ ਜਿਹੜੀ ਵਾਤਾਵਰਨ ਵਿੱਚ ਸਥਿਰ ਰਹਿਣਯੋਗ ਅਤੇ ਸਾਂਝੀ ਕਦਰ ਕੀਮਤ ਪੈਦਾ ਕਰਦੀ ਹੈ।

ਸਾਂਝੀ ਕਦਰ ਕੀਮਤ ਨੂੰ ਪੈਦਾ ਕਰਨਾ ਇੱਕ ਮੂਲ ਗੱਲ ਹੈ, ਜਿਸ ਤਰ੍ਹਾਂ ਅਸੀਂ ਵਪਾਰ ਕਰਦੇ ਹਾਂ, ਜਿਹੜੀ ਇਹ ਦਰਸਾਉਂਦੀ ਹੈ ਕਿ ਲੰਬੇ ਸਮੇਂ ਲਈ ਸ਼ੇਅਰ ਧਾਰਕਾਂ ਵਾਸਤੇ ਕਦਰ ਪੈਦਾ ਕਰਨ ਲਈ ਸਾਨੂੰ ਸਮਾਜ ਦੀ ਵੀ ਕਦਰ ਪੈਦਾ ਕਰਨੀ ਚਾਹੀਦੀ ਹੈ ਪਰ ਅਸੀਂ ਇਕੱਲੇ ਵਾਤਾਵਰਨ ਵਿੱਚ ਸਿਖਰ ਨਹੀਂ ਰਹਿ ਸਕਦੇ, ਬਿਨਾਂ ਸ਼ੇਅਰ ਧਾਰਕਾਂ ਅਤੇ ਸਮਾਜ ਦੀ ਕਦਰਪਾਏ ਜੇ ਅਸੀਂ ਆਪਣੇ ਕਾਰਪੋਰੇਟ ਵਪਾਰ ਸਿਧਾਂਤਾਂ ਨੂੰ ਪੂਰਣ ਕਰਨ ਵਿੱਚ ਕਾਮਯਾਬ ਨਹੀਂ ਹੁੰਦੇ।

ਇਸ ਦੇ ਨਾਲ ਸਾਂਝੀ ਕਦਰ ਪੈਦਾ ਕਰਨਾ, ਪਾਲਣਾ ਅਤੇ ਸਥਿਰ ਰਹਿਣਯੋਗ ਤੋਂ ਵੱਧ ਹੈ। ਕੋਈ ਵੀ ਵਪਾਰ ਜੋ ਲੰਬੇ ਸਮੇਂ ਲਈ ਸੋਚਦਾ ਹੈ ਅਤੇ ਵਧੀਆ ਵਪਾਰਕ ਸਿਧਾਂਤਾਂ ਦੀ ਪਾਲਣਾ ਕਰਦਾ ਹੈ ਅਤੇ ਆਪਣੇ ਕੰਮਾਂ ਰਾਹੀਂ ਜਿਵੇਂ ਕਿ ਕਰਮਚਾਰੀਆਂ ਦੀ ਸਹੂਲਤਾਂ ਬਾਰੇ, ਜਨਤਾ ਦੀਆਂ ਸੇਵਾਵਾਂ ਵਿੱਚ ਟੈਕਸ ਰਾਹੀਂ ਸਹਿਯੋਗ ਬਾਰੇ। ਆਮ ਆਰਥਿਕ ਗਤਿਵਿਧੀਆਂ ਆਪਣੇ ਸ਼ੇਅਰਧਾਰਕਾਂ ਅਤੇ ਸਮਾਜ ਵਿੱਚ ਕਦਰ ਪੈਦਾ ਕਰਦਾ ਹੈ। ਸਾਂਝੀ ਕਦਰ ਪੈਦਾ ਕਰਨਾ ਇੱਕ ਅਗਾਂਹਵਧੂ ਕਦਮ ਹੈ। ਇੱਕ ਕੰਪਨੀ ਬੜੇ ਸਹੀ ਢੰਗ ਨਾਲ ਉਹਨਾਂ ਖੇਤਰਾਂ ਦੀ ਪਹਿਚਾਨ ਕਰਦੀ ਹੈ ਜਿੱਥੇ ਕਿ ਉਹਨੇ ਖਾਸ ਧਿਆਨ ਦੇਣਾ ਹੁੰਦਾ ਹੈ। ਕ) ਸ਼ੇਅਰਧਾਰਕਾਂ ਦੇ ਹਿੱਤ ਅਤੇ ਸਮਾਜ ਕਰੜੇ ਤੌਰ ਤੇ ਇੱਕ ਦੂਜੇ ਨੂੰ ਕੱਟਦੇ ਹਨ, ਅਤੇ ਖ) ਜਿੱਥੇ ਕਦਰ ਦਾ ਨਿਰਮਾਣ ਦੋਹਾਂ ਲਈ ਢੁਕਵਾਂ ਹੋ ਸਕਦਾ ਹੈ। ਸਿੱਟੇ ਵਜੋਂ ਕੰਪਨੀ ਗੁਣ ਅਤੇ ਪੂੰਜੀ ਦੋਹਾਂ ਰੂਪਾਂ ਵਿੱਚ ਸਰੋਤਾਂ ਦਾ ਨਿਵੇਸ਼ ਕਰਦੀ ਹੈ, ਉਨ੍ਹਾਂ ਖੇਤਰਾਂ ਵਿੱਚ ਜਿੱਥੇ ਸਾਂਝੀ ਕਦਰ ਦੀ ਪੈਦਾਵਾਰ ਸਭ ਤੋਂ ਵੱਧ ਹੁੰਦੀ ਹੈ ਅਤੇ ਸਮਾਜ ਵਿੱਚ ਸਬੰਧਿਤ ਹਿੱਤਧਾਰਕਾਂ ਦੇ ਨਾਲ ਸਹਿਯੋਗੀ ਕਾਰਵਾਈ ਦੀ ਭਾਲ ਕਰਦੀ ਹੈ।



ਨੈਸਲੇ ਵਿੱਚ ਅਸੀਂ ਆਪਣੀ ਕਦਰਾਂ ਦੀ ਕੜੀ ਦਾ ਮੁਲਾਂਕਣ ਕੀਤਾ ਹੈ ਅਤੇ ਨਿਰਧਾਰਤ ਕੀਤਾ ਹੈ ਕਿ ਸਮਾਜ ਵਿੱਚ ਕਦਰ ਦੇ ਸਾਂਝੇ ਢੁਕਵੇਪਨ ਲਈ ਸਭ ਤੋਂ ਵੱਧ ਸੰਭਾਵਨਾ ਵਾਲੇ ਖੇਤਰ ਹਨ : ਪੋਸ਼ਣ, ਪਾਣੀ ਅਤੇ ਪੇਂਡੂ ਵਿਕਾਸ। ਇਹ ਸਰਗਰਮੀਆਂ ਸਾਡੀ ਵਪਾਰਕ ਨੀਤੀ ਦਾ ਅੰਦਰੂਨੀ ਹਿੱਸਾ ਹਨ ਅਤੇ ਉਸ ਦੇਸ਼ ਦੇ ਨਿਵਾਸੀਆਂ ਦੇ ਹਿੱਤਾਂ ਲਈ ਜਰੂਰੀ ਹਨ ਜਿੱਥੇ ਅਸੀਂ ਵਪਾਰ ਚਲਾਉਂਦੇ ਹਾਂ।

ਅਸੀਂ ਕਿਰਿਆਸ਼ੀਲ ਤੌਰ ਤੇ ਬਾਹਰਲੇ ਹਿੱਤਧਾਰਤਾਂ ਦੇ ਨਾਲ ਸਮਝੌਤੀਆਂ ਅਤੇ ਭਾਗੀਦਾਰੀਆਂ ਦੀ ਭਾਲ ਕਰਦੇ ਹਾਂ ਜੋ ਧਿਆਨ ਦਿੱਤੇ ਜਾਣ ਵਾਲੇ ਇਨ੍ਹਾਂ ਖੇਤਰਾਂ ਵਿੱਚ ਸਕਾਰਾਤਮਕ ਪ੍ਰਭਾਵ ਨੂੰ ਢੁਕਵਾਂ ਬਣਾਉਂਦੇ ਹਨ। ਫੇਰ ਵੀ ਸਾਂਝੀਆਂ ਕਦਰਾਂ ਪੈਦਾ ਕਰਨਾ ਮਨੁੱਖੀ ਭਲਾਈ ਨੂੰ ਵਧਾਵਾ ਦੇਣ ਬਾਰੇ ਨਹੀਂ ਹੈ। ਇਸ ਵਿੱਚ ਉਨ੍ਹਾਂ ਦੇਸ਼ਾਂ ਵਿੱਚ ਲੋਕਾਂ ਦੇ ਸਾਂਝੇ ਫਾਇਦੇ ਲਈ ਅੰਦਰੂਨੀ ਸਰਗਰਮੀਆਂ ਅਤੇ ਭਾਗੀਦਾਰੀਆਂ ਦਾ ਫਾਇਦਾ ਲੈਣਾ ਸ਼ਾਮਲ ਹੈ, ਜਿੱਥੇ ਅਸੀਂ ਕੰਮ ਕਰਦੇ ਹਾਂ।

ਅਜਿਹਾ ਕਰਦੇ ਹੋਏ, ਨੈਸਲੇ ਵਪਾਰਕ ਵਿਕਾਸ ਤੇ ਚਿਰਕਾਲੀ ਦਰਿਸ਼ਟੀਕੋਣ ਬਣਾਏ ਰੱਖਦਾ ਹੈ ਅਤੇ ਬਾਹਰਲੇ ਹਿੱਤਧਾਰਕਾਂ ਦੇ ਵਿਚਾਰਾਂ ਦਾ ਸੁਆਗਤ ਕਰਦਾ ਹੈ ਜੋ ਨੀਤੀਬੱਧ ਵਿਵਹਾਰ ਅਤੇ ਨਿਰਮਾਣਕਾਰੀ ਨਿਯੁਕਤੀਆਂ ਪ੍ਰਤੀ ਵਚਨਬੱਧ ਹਨ। ਇਸ ਵਿੱਚ ਸਰਕਾਰੀ ਅਤੇ ਨਿਯਾਮਕ ਅਧਿਕਾਰੀ ਅੰਤਰਰਾਸ਼ਟਰੀ ਸੰਗਠਨ, ਗੈਰ ਸਰਕਾਰੀ ਸੰਗਠਨ, ਅਕਾਦਮੀ ਅਤੇ ਪੇਸ਼ੇਵਰ ਅੰਗ ਅਤੇ ਸਥਾਨਕ ਸੰਘ ਸ਼ਾਮਲ ਹਨ।

ਵਪਾਰ ਚਲਾਉਣ ਦੇ ਦੱਸ ਸਿਧਾਂਤ

ਗ੍ਰਾਹਕ

1
ਪੋਸ਼ਣ, ਸਿਹਤ ਅਤੇ ਤੰਦਰੁਸਤੀ

ਸਾਡਾ ਮੁੱਖ ਉਦੇਸ਼ ਹੈ ਕਿ ਅਸੀਂ ਹਰ ਰੋਜ਼, ਹਰ ਥਾਂ ਅਤੇ ਗ੍ਰਾਹਕਾਂ ਨੂੰ ਸੁਆਦਿਸ਼ਟ ਅਤੇ ਸਿਹਤਮੰਦ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੀਆਂ ਚੋਣਾਂ ਪ੍ਰਦਾਨ ਕਰਕੇ ਅਤੇ ਸਿਹਤਮੰਦ ਜੀਵਨਸ਼ੈਲੀ ਦਾ ਵਧਾਨਾ ਦੇਣ ਰਾਹੀ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਨੂੰ ਵਧਾਈਏ। ਅਸੀਂ ਇਸ ਨੂੰ ਆਪਣੇ ਕਾਰਪੋਰੇਟ ਕਥਨ, ਚੰਗਾ ਭੋਜਨ, ਚੰਗਾ ਜੀਵਨ ਦੁਆਰਾ ਵਿਅਕਤ ਕਰਦੇ ਹਾਂ।

2
ਗੁਣਵੱਤਾ ਅਨੁਵਾਸ਼ਨ ਅਤੇ ਉਤਪਾਦ ਸੁਰੱਖਿਆ

ਇਸ ਦੁਨੀਆਂ ਵਿੱਚ ਹਰ ਕਿਤੇ ਨੈਸਲੇ ਦਾ ਨਾਂ ਗ੍ਰਾਹਕ ਨੂੰ ਇਸ ਵਚਨ ਦਾ ਪ੍ਰਤੀਨਿਧ ਕਰਦਾ ਹੈ ਕਿ ਉਤਪਾਨ ਸੁਰੱਖਿਅਤ ਹੈ ਅਤੇ ਉੱਚ ਮਾਨਕ ਦਾ ਹੈ।

3
ਗ੍ਰਾਹਕ ਸੰਚਾਰ

ਅਸੀਂ ਜ਼ੁੰਮੇਵਾਰ, ਭਰੋਸੇਮੰਦ ਗ੍ਰਾਹਕ ਸੰਚਾਰ ਲਈ ਵਚਨਬੱਧ ਹਾਂ ਜੋ ਗ੍ਰਾਹਕਾਂ ਨੂੰ ਉਨ੍ਹਾਂ ਦੀ ਦੱਸੀ ਗਈ ਚੋਣ ਦੇ ਹੱਕ ਦੀ ਵਰਤੋਂ ਕਰਨ ਦੀ ਤਾਕਤ ਦਿੰਦਾ ਹੈ ਅਤੇ ਜਿਆਦਾ ਸਿਹਤਮੰਦ ਖੁਰਾਕਾਂ ਦਾ ਵਧਾਵਾ ਦਿੰਦਾ ਹੈ। ਅਸੀਂ ਗ੍ਰਾਹਕ ਦੀ ਨਿੱਜਤਾ ਦਾ ਸਨਮਾਨ ਕਰਦੇ ਹਾਂ।

ਮਨੁੱਖੀ ਹੱਕ ਅਤੇ ਮਜ਼ਦੂਰੀ ਅਭਿਆਸ

4
ਸਾਡੀਆਂ ਵਪਾਰਕ ਸਰਗਰਮੀਆਂ ਵਿੱਚ ਮਨੁੱਖੀ ਹੱਕ

ਅਸੀਂ ਯੂਨਾਈਟਡ ਨੇਸ਼ਨਜ਼ ਗਲੋਬਲ ਕੰਪੈਕਟਸ (UNGC) ਦੇ ਮਨੁੱਖੀ ਹੱਕਾਂ ਅਤੇ ਮਜ਼ਦੂਰੀ ਤੇ ਰਸਤਾ ਵਿਖਾਉਂਦੇ ਹੋਏ ਸਿਧਾਂਤਾਂ ਦਾ ਸਮਰਥਨ ਕਰਦੇ ਹਾਂ ਅਤੇ ਸਾਡਾ ਟੀਚਾ ਸਾਡੀਆਂ ਸਾਰੀਆਂ ਵਪਾਰਕ ਸਰਗਰਮੀਆਂ ਦੁਆਰਾ ਮਨੁੱਖੀ ਹੱਕਾਂ ਅਤੇ ਮਜ਼ਦੂਰੀ ਅਭਿਆਸਾਂ ਦੀ ਇੱਕ ਚੰਗੀ ਮਿਸਾਲ ਪ੍ਰਦਾਨ ਕਰਨਾ ਹੈ।

ਸਾਡੇ ਬੰਦੇ

5
ਅਗੁਆਈ ਅਤੇ ਨਿੱਜੀ ਜ਼ੁੰਮੇਵਾਰੀ

ਸਾਡੀ ਸਫਲਤਾ ਸਾਡੇ ਬੰਦਿਆਂ ਤੇ ਅਧਾਰਤ ਹੈ। ਅਸੀਂ ਇੱਕ ਦੂਜੇ ਨਾਲ ਸਨਮਾਨ ਅਤੇ ਇੱਜ਼ਤ ਨਾਲ ਵਿਵਹਾਰ ਕਰਦੇ ਹਾਂ ਅਤੇ ਹਰ ਇੱਕ ਤੇ ਇਹ ਆਸ ਕਰਦੇ ਹਾਂ ਕਿ ਉਹ ਆਪਣੀ ਨਿੱਜੀ ਜ਼ੁੰਮੇਵਾਰੀ ਦੀ ਭਾਵਨਾ ਨੂੰ ਵਧਾਵੇ। ਅਸੀਂ ਲਾਇਕ ਅਤੇ ਪ੍ਰੇਰਿਤ ਲੋਕਾਂ ਨੂੰ ਭਰਤੀ ਕਰਦੇ ਹਾਂ ਜੋ ਸਾਡੀਆਂ ਕਦਰਾਂ ਦਾ ਸਨਮਾਨ ਕਰਦੇ ਹਨ, ਉਨ੍ਹਾਂ ਦੇ ਵਿਕਾਸ ਅਤੇ ਤਰੱਕੀ ਲਈ ਸਮਾਨ ਮੌਕੇ ਪ੍ਰਦਾਨ ਕਰਦੇ ਹਾਂ, ਉਨ੍ਹਾਂ ਦੀ ਗੁਪਤਤਾ ਨੂੰ ਬਚਾਉਂਦੇ ਹਾਂ ਅਤੇ ਕਿਸੇ ਵੀ ਤਰ੍ਹਾਂ ਦੇ ਉਤਪੀੜਨ ਅਤੇ ਪੱਖਪਾਤ ਨੂੰ ਸਹਿਨ ਨਹੀਂ ਕਰਦੇ ਹਾਂ।

6
ਕੰਮ ਦੀ ਥਾਂ ਤੇ ਸੁਰੱਖਿਆ ਅਤੇ ਸਿਹਤ

ਅਸੀਂ ਕੰਮ ਨਾਲ ਸਬੰਧਿਤ ਦੁਰਘਟਨਾਵਾਂ, ਸੱਟਾਂ ਅਤੇ ਬੀਮਾਰੀਆਂ ਰੋਕਣ ਅਤੇ ਕਰਮਚਾਰੀਆਂ, ਠੇਕੇਦਾਰਾਂ ਅਤੇ ਇਸ ਮੁੱਖ ਸਬੰਧੀ ਕੜੀ ਵਿੱਚ ਸ਼ਾਮਲ ਹੋਰਾਂ ਦੀ ਰੱਖਿਆ ਕਰਨ ਲਈ ਵਚਨਬੱਧ ਹਾਂ।

ਆਪੂਰਤੀਕਾਰ ਅਤੇ ਗ੍ਰਾਹਕ

7
ਆਪੂਰਤੀਕਾਰ ਅਤੇ ਗ੍ਰਾਹਕ ਦੇ ਰਿਸ਼ਤੇ

ਅਸੀਂ ਚਾਹੁੰਦੇ ਹਾਂ ਕਿ ਸਾਡੇ ਆਪੂਰਤੀਕਾਰ, ਏਜੰਟ, ਸਹਿ-ਠੇਕੇਦਾਰ ਅਤੇ ਉਨ੍ਹਾਂ ਦੇ ਕਰਮਚਾਰੀ ਹਮੇਸ਼ਾਂ ਸੱਚਾਈ, ਈਮਾਨਦਾਰੀ ਅਤੇ ਨਿਰੱਪਖਤਾ ਵਿਖਾਉਣ ਅਤੇ ਸਾਡੇ ਨਾ ਬਦਲੇ ਜਾਣ ਵਾਲੇ ਮਾਨਕਾਂ ਦੀ ਪਾਲਨਾ ਕਰਨ। ਇਸ ਵਾਂਗ ਹੀ ਅਸੀਂ ਵੀ ਆਪਣੇ ਗ੍ਰਾਹਕਾਂ ਪ੍ਰਤੀ ਵਚਨਬੱਧ ਹਾਂ।

8
ਖੇਤੀਬਾੜੀ ਅਤੇ ਪੇਂਡੂ ਵਿਕਾਸ

ਅਸੀਂ ਉਤਪਾਦਨ, ਕਿਸਾਨਾਂ ਦੀ ਸਮਾਜਕ ਅਤੇ ਆਰਥਕ ਹਾਲਤਾਂ, ਪੇਂਡੂ ਸਮੂਹਾਂ ਅਤੇ ਉਤਪਾਦਨ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਵਚਨਬੱਧ ਹਾਂ ਤਾਂ ਜੋ ਇਨ੍ਹਾਂ ਨੂੰ ਹੋਰ ਵਾਤਾਵਰਨ ਸੰਬੰਧ ਸਥਿਰ ਬਣਾਏ ਜਾ ਸਕੇ।

ਵਾਤਾਵਰਨ

9
ਵਾਤਾਵਰਨ ਸਬੰਧੀ ਸਥਿਰਤਾ

ਅਸੀਂ ਵਾਤਾਵਰਨ ਸੰਬੰਧੀ ਸਥਿਰਤਾ ਵਾਲੇ ਵਪਾਰਕ ਅਭਿਆਸਾਂ ਲਈ ਆਪਣੇ ਆਪ ਪ੍ਰਤੀ ਵਚਨਬੱਧ ਹਾਂ। ਉਤਪਾਦ ਦੇ ਜੀਵਨ-ਚੱਕਰ ਦੇ ਸਾਰੇ ਪੜਾਅ ਦੌਰਾਨ, ਅਸੀਂ ਪ੍ਰਭਾਵਸ਼ਾਲੀ ਤਰੀਕੇ ਨਾਲ ਕੁਦਰਤੀ ਸਰੋਤਾਂ ਦੀ ਵਰਤੋਂ ਕਰਨ, ਲਗਾਤਾਰ ਪ੍ਰਬੰਧ ਕੀਤੇ ਜਾਣ ਵਾਲੇ ਦੁਬਾਰਾ ਵਰਤੋਂ ਹੋਣ ਵਾਲੇ ਸਰੋਤਾਂ ਦੀ ਵਰਤੋਂ ਕਰਨ ਤੇ ਜ਼ੋਰ ਪਾਉਂਦੇ ਹਾਂ, ਅਤੇ ਜ਼ਰਾ ਵੀ ਬਰਬਾਦੀ ਨਾ ਹੋਣ ਦੇ ਟੀਚੇ ਦੀ ਕੋਸ਼ਿਸ਼ ਕਰਦੇ ਹਾਂ।

10
ਪਾਣੀ

ਅਸੀਂ ਪਾਣੀ ਦੀ ਲਗਾਤਾਰ ਵਰਤੋਂ ਅਤੇ ਪਾਣੀ ਦੇ ਪ੍ਰਬੰਧਨ ਵਿੱਚ ਲਗਾਤਾਰ ਸੁਧਾਰ ਲਈ ਵਚਨਬੱਧ ਹਾਂ। ਅਸੀਂ ਇਸਨੂੰ ਮੰਨਦੇ ਹਾਂ ਕਿ ਦੁਨੀਆਂ ਪਾਣੀ ਦੀ ਵੱਧ ਰਹੀ ਚੁਣੌਤੀ ਦਾ ਸਾਹਮਣਾ ਕਰਦੀ ਹੈ ਅਤੇ ਪਾਣੀ ਦੀ ਵਰਤੋਂ ਕਰਨ ਵਾਲੇ ਸਾਰਿਆਂ ਰਾਹੀਂ ਪਾਣੀ ਦੇ ਸਰੋਤਾਂ ਦੀ ਜ਼ੁੰਮੇਵਾਰ ਪ੍ਰਬੰਧਨ ਦੀ ਬਹੁਤ ਲੋੜ ਹੈ।

ਵਿਸਥਾਰ ਵੇਰਵੇ ਅਤੇ ਕਾਰਪੋਰੇਟ ਨੀਤੀਆਂ ਨਾਲ ਜੋੜ

ਗ੍ਰਾਹਕ

1
ਪੋਸ਼ਣ, ਸਿਹਤ ਅਤੇ ਤੰਦਰੁਸਤੀ

ਸਾਡਾ ਮੁੱਖ ਉਦੇਸ਼ ਹੈ ਕਿ ਅਸੀਂ ਹਰ ਰੋਜ਼, ਹਰ ਥਾਂ ਤੇ ਗ੍ਰਾਹਕਾਂ ਨੂੰ ਸੁਆਦਿਸ਼ਟ ਅਤੇ ਸਿਹਤਮੰਦ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੀਆਂ ਚੋਣਾਂ ਪ੍ਰਦਾਨ ਕਰਕੇ ਅਤੇ ਸਿਹਤਮੰਦ ਜੀਵਨਸ਼ੈਲੀ ਦਾ ਵਧਾਨਾ ਦੇਣ ਰਾਹੀਂ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਨੂੰ ਵਧਾਈਏ। ਅਸੀਂ ਇਸ ਨੂੰ ਆਪਣੇ ਕਾਰਪੋਰੇਟ ਕਥਨ, ਚੰਗਾ ਭੋਜਨ, ਚੰਗਾ ਜੀਵਨ ਦੁਆਰਾ ਵਿਅਕਤ ਕਰਦੇ ਹਾਂ।

ਪੋਸ਼ਣ, ਸਿਹਤ ਅਤੇ ਤੰਦਰੁਸਤੀ ਵੱਲ ਆਪਣਾ ਵਚਨਬੱਧਤਾ ਰਾਹੀਂ ਨਿਰਦੇਸ਼ਿਤ, ਅਸੀਂ ਆਪਣੇ ਉਤਪਾਦਾਂ ਦਾ ਪੋਸ਼ਣ ਸਬੰਧੀ ਮੁੱਲ ਵਧਾਉਣ ਲਈ ਕੰਮ ਕਰਦੇ ਹਾਂ ਜਦ ਕਿ ਸੁਆਦ ਅਤੇ ਮਜ਼ੇ ਨੂੰ ਵੀ ਸੁਧਾਰਦੇ ਹਾਂ। ਅਸੀਂ ਬਰਾਂਡ ਸੰਚਾਰ ਦੇ ਬਾਰੇ ਜਾਣਕਾਰੀ ਵੀ ਵਿਕਸਿਤ ਕਰਦੇ ਹਾਂ ਜੋ ਗ੍ਰਾਹਕਾਂ ਨੂੰ ਆਪਣੇ ਆਹਾਰ ਬਾਰੇ ਸੂਚਿਤ ਚੋਂ ਕਰਨ ਲਈ ਪ੍ਰੇਰਿਤ ਕਰਦੀ ਹੈ ਅਤੇ ਇਸ ਦੇ ਕਾਬਲ ਬਣਾਉਂਦੀ ਹੈ। ਕ੍ਰਿਪਾ ਕਰਕੇ www.nestle.com/policies ਤੇ The Nestle Principles on Nutrition, health and Wellness ਵੇਖੋ।

2
ਗੁਣਵੱਤਾ ਆਸ਼ਵਾਸਨ ਅਤੇ ਉਤਪਾਦ ਸੁਰੱਖਿਆ

ਇਸ ਦੁਨੀਆਂ ਵਿੱਚ, ਹਰ ਕਿਤੇ ਨੈਸਲੇ ਦਾ ਨਾਂ ਗ੍ਰਾਹਕ ਨੂੰ ਇਸ ਵਚਨ ਦਾ ਪ੍ਰਤੀਵਿਧ ਕਰਦਾ ਹੈ ਕਿ ਉਤਪਾਦ ਸੁਰੱਖਿਅਤ ਹੈ ਅਤੇ ਉੱਚ ਮਾਨਕ ਦਾ ਹੈ।

ਸਾਡੀ ਵਚਨਬੱਧਤਾ ਕਦੇ ਵੀ ਉਤਪਾਦ ਦੀ ਸੁਰੱਖਿਆ ਨਾਲ ਸਮਝੌਤਾ ਕਰਨ ਦੀ ਨਹੀਂ ਹੁੰਦੀ ਹੈ। ਸਾਡੀ ਗੁਣਵੱਤਾ ਨੀਤੀ ਬੇਹਤਰੀਨ ਪ੍ਰਦਰਸ਼ਨ ਲਈ ਸਾਡੇ ਜੋਸ਼ ਦੀਅ ਲੋੜਾਂ ਦਾ ਸਾਰ ਹੁੰਦੀ ਹੈ :

* ਉਨ੍ਹਾਂ ਉਤਪਾਦ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਕੇ ਭਰੋਸਾ ਬਣਾਉਣ ਜੋ ਗ੍ਰਾਹਕ ਦੀ ਆਸ ਅਤੇ ਪਸੰਦ ਨਾਲ ਮੇਲ ਖਾਂਦੇ ਹੋਣ।
* ਸਾਰੀਆਂ ਅੰਦਰਲੀਆਂ ਅਤੇ ਬਾਹਰਲੀਆਂ ਭੋਜਨ ਸੁਰੱਖਿਆ, ਨਿਯਾਮਕ ਅਤੇ ਗੁਣਵੱਤਾ ਲੋੜਾਂ ਪੂਰੀਆਂ ਕਰਨਾ।

ਗੁਣਵੱਤਾ ਹਰ ਇੱਕ ਦੀ ਵਚਨਬੱਧਤਾ ਹੈ। ਅਸੀਂ ਗੁਣਵੱਤਾ ਦੇ ਉੱਚ ਪੱਧਰਾਂ ਨੂੰ ਲਗਾਤਾਰ ਸੁਧਾਰਨ ਅਤੇ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਚੁਣੌਤੀਆਂ ਦਿੰਦੇ ਰਹਿੰਦੇ ਹਾਂ। ਅਸੀਂ ਉਨ੍ਹਾਂ ਸਾਰੇ ਦੇਸ਼ਾਂ ਵਿੱਚ ਸਮਾਨ ਉੱਚ ਭੋਜਨ ਸੁਰੱਖਿਆ ਮਾਨਕਾਂ ਨੂੰ ਕਾਇਮ ਰੱਖਦੇ ਹਾਂ ਜਿੱਥੇ ਅਸੀਂ ਕੰਮ ਕਰਦੇ ਹਾਂ। ਅਸੀਂ ਆਪਣੀ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਦੁਆਰਾ ਉੱਚ ਗੁਣਵੱਤਾ ਦੇ ਉਤਪਾਦ ਜਾਰੀ ਕਰਨਾ ਯਕੀਨੀ ਬਣਾਉਂਦੇ ਹਾਂ। ਕ੍ਰਿਪਾ ਕਰਕੇ www.nestle.com/policies ਵਿਖੇ The Nestle Quality Policy ਵੇਖੋ

3
ਗ੍ਰਾਹਕ ਸੰਚਾਰ

ਅਸੀਂ ਜ਼ੁੰਮੇਵਾਰ, ਭਰੋਸੇਮੰਦ ਗ੍ਰਾਹਕ ਸੰਚਾਰ ਲਈ ਵਚਨਬੱਧ ਹਾਂ ਜੋ ਗ੍ਰਾਹਕਾਂ ਨੂੰ ਉਨ੍ਹਾਂ ਦੀ ਦੱਸੀ ਗਈ ਚੋਣ ਦੇ ਹੱਕ ਦੀ ਵਰਤੋਂ ਕਰਨ ਦੀ ਤਾਕਤ ਦਿੰਦਾ ਹੈ ਅਤੇ ਜਿਆਦਾ ਸਿਹਤਮੰਦ ਖੁਰਾਕਾਂ ਦਾ ਵਧਾਵਾ ਦਿੰਦਾ ਹੈ। ਅਸੀਂ ਗ੍ਰਾਹਕਾਂ ਦੀ ਨਿੱਜਤਾ ਦਾ ਸਨਮਾਨ ਕਰਦੇ ਹਾਂ।

ਸਾਡੀ ਮੁੱਖ ਵਪਾਰਕ ਰਣ-ਨੀਤੀ ਗ੍ਰਾਹਕ ਨੂੰ ਇੱਕ ਸੰਤੁਲਤ ਜਿਆਦਾ ਸਿਹਤਮੰਦ ਖੁਰਾਕ ਲੈਣ ਵਿੱਚ ਮਦਦ ਕਰਨ ਦੇ ਆਲੇ ਦੁਆਲੇ ਬਣੀ ਹੋਈ ਹੈ। ਨੈਸਲੇ ਗ੍ਰਾਹਕ ਸੰਚਾਰ ਸਿਧਾਂਤਾਂ ਵਿੱਚ ਸਾਰੇ ਗ੍ਰਾਹਕਾਂ ਲਈ ਮਾਰਕੀਟਿੰਗ ਸੰਚਾਰ ਉੱਤੇ ਲਾਜ਼ਮੀ ਨਿਯਮ ਸ਼ਾਮਲ ਹੁੰਦੇ ਹਨ ਜਿਸ ਵਿੱਚ ਭੋਜਨ ਦਾ ਸਹੀ ਪ੍ਰਤੀਨਿਧ ਅਤੇ ਪੇਸ਼ਕਸ਼ ਇਸ ਤਰੀਕੇ ਨਾਲ ਕੀਤੀ ਹੁੰਦੀ ਹੈ ਕਿ ਲੋੜ ਤੋਂ ਵੱਧ ਖਪਤ ਦਾ ਵਧਾਵਾ ਨਹੀਂ ਦਿੰਦੀ। ਇਸ ਤੋਂ ਇਲਾਵਾ, ਖਾਸ ਸਿਧਾਂਤ ਬੱਚਿਆਂ ਲਈ ਸਾਡੇ ਸੰਚਾਰ ਨੂੰ ਰਾਹ ਵਿਖਾਉਂਦੇ ਹਨ ਜਿਸ ਵਿੱਚ 6 ਸਾਲ ਦੀ ਉਮਰ ਤੋਂ ਛੋਟੇ ਬੱਚਿਆਂ ਲਈ ਕੋਈ ਵੀ ਵਿਗਿਆਪਨ ਜਾਂ ਮਾਰਕੀਟਿੰਗ ਸਰਗਰਮੀ ਨਹੀਂ ਹੁੰਦੀ। 6 ਤੋਂ 12 ਮਸਾਲ ਦੇ ਬੱਚਿਆਂ ਲਈ ਵਿਗਿਆਪਨ ਉਨ੍ਹਾਂ ਉਤਪਾਦਾਂ ਤੱਕ ਪ੍ਰਤੀਬੰਧਿਤ ਹੈ ਜੋ ਪਹਿਲਾਂ ਤੋਂ ਨਿਰਧਾਰਤ ਪੋਸ਼ਣ ਸੰਬੰਧੀ ਰੂਪ-ਰੇਖਾ ਮਾਪਦੰਡ ਪੂਰਾ ਕਰਦੇ ਹਨ ਜਿਸ ਵਿੱਚ ਊਰਜਾ ਅਤੇ ਸਿਹਤ ਸੰਵੇਦਨਸ਼ੀਲਤਾ ਦੇ ਤੱਤ ਜਿਵੇਂ ਕਿ ਖੰਡ, ਲੂਣ, ਸੈਚੁਰੇਟਿਡ ਫੈਟਸ ਅਤੇ ਟਰਾਂਸ ਫੈਟੀ ਐਸਿਡਾਂ ਦੀਆਂ ਸਪੱਸ਼ਟ ਸੀਮਾਵਾਂ ਹੁੰਦੀਆਂ ਹਨ। ਸਾਡੇ ਬੱਚਿਆਂ ਦੇ ਸੰਚਾਰ ਨਾਲ ਸਬੰਧਿਤ ਸਿਧਾਂਤਾਂ ਦਾ ਉਦੇਸ਼ ਖਾਸ ਤੌਰ 'ਤੇ ਇਹ ਯਕੀਨੀ ਬਨਾਉਣ ਰਾਹੀਂ ਬੱਚਿਆਂ ਦੀ ਰੱਖਿਆ ਕਰਨਾ ਹੈ ਕਿ ਵਿਗਿਆਪਨ ਗਲਤ ਸੰਦੇਸ਼ ਨਹੀਂ ਦੇ ਰਿਹਾ ਹੈ, ਮਾਂ-ਪਿਉ ਦੇ ਹੱਕਾਂ ਨੂੰ ਕਮਜ਼ੋਰ ਨਹੀਂ ਬਣਾਉਂਦਾ ਜਾਂ ਸਫਲਤਾ ਦੀਆਂ ਗਲਤ ਆਸਾਂ ਪੈਦਾ ਨਹੀਂ ਕਰਦਾ, ਹੰਗਾਮੀ ਭਾਵਨਾ ਪੈਦਾ ਕਰਦਾ ਹੈ ਜਾਂ ਘੱਟ ਮੁੱਲ ਦਾ ਭਾਵਨਾ ਦਾ ਹਵਾਲਾ ਦਿੰਦਾ ਹੈ। ਪੋਸ਼ਣ ਅਤੇ ਸਿਹਤ ਦਾਅਵਿਆਂ ਤੇ ਨੈਸਲੇ ਦੀ ਨੀਤੀ ਵਿਗਿਆਨੀ ਤੌਰ ਤੇ ਸਮਰਥਿਤ ਸਿਹਤ ਦਾਅਵਿਆਂ ਨਾਲ ਸਬੰਧਿਤ ਸਾਡੀਆਂ ਕਾਰਵਾਈਆਂ ਨੂੰ ਰਾਹ ਵਿਖਾਉਂਦੀ ਹੈ। ਕ੍ਰਿਪਾ ਕਰਕੇ www.nestle.com/policies ਤੇ The Nestle Consumer Communication Principles, The Nestle Policy on Nutrition and Health Claims ਅਤੇ The Nestle Nutrition Profiling System ਵੇਖੋ।

ਸ਼ਿਸ਼ੂਆਂ ਦੇ ਭੋਜਨ ਦੀ ਮਾਰਕੀਟਿੰਗ

ਅਸੀਂ ਉਸ ਚੀਜ਼ ਦਾ ਸਮਰਥਨ ਕਰਨ ਲਈ ਵਚਨਬੱਧ ਹਾਂ ਜੋ ਸ਼ਿਸ਼ੂਆਂ ਲਈ ਜੀਵਨ ਦੀ ਬੇਹਤਰ ਸ਼ੁਰੂਆਤ ਪ੍ਰਾਪਤ ਕਰਨ ਵਾਸਤੇ ਸਭ ਤੋਂ ਵੱਧ ਢੁਕਵੀਂ ਹੈ। ਇਸ ਦਾ ਮਤਲਬ ਕਿ ਅਸੀਂ ਸਾਰੇ ਫੀਡਿੰਗ ਵਿਕਲਪਾਂ ਤੋਂ ਵੱਧ ਮਾਂ ਦੇ ਦੁੱਧ ਦੀ ਸਿਫਾਰਿਸ਼ ਕਰਦੇ ਹਾਂ। ਉਹ ਜਿਨ੍ਹਾਂ ਨੂੰ ਮਾਂ ਦੇ ਦੁੱਧ ਲਈ ਹੋਰ ਵਿਕਲਪਾਂ ਦੀ ਲੋੜ ਹੁੰਦੀ ਹੈ, ਸਾਡਾ ਉਦੇਸ਼ ਫਾਰਮੂਲਾਂ ਉਤਪਾਦ ਪੇਸ਼ ਕਰਨਾ ਹੁੰਦਾ ਹੈ ਜੋ ਖਤਰਨਾਕ ਅਤੇ ਅਢੁਕਵੇਂ ਮਾਂ ਦੇ ਦੁੱਧ ਦੇ ਵਿਕਲਪਾਂ ਦੀ ਥਾਂ ਤੇ ਸ਼ਿਸ਼ੂ ਦੀ ਸਿਹਤ ਲਈ ਅੰਤਰਰਾਸ਼ਟਰੀ ਮਾਨਕਾਂ ਨੂੰ ਪੂਰਾ ਕਰਦੇ ਹਨ, ਜਿਵੇਂ ਕਿ ਪੂਰਨ ਦੁੱਧ। ਸਾਡਾ ਉਦੇਸ਼ ਦਾਲਾਂ, ਸ਼ਿਸ਼ੂ ਭੋਜਨ ਅਤੇ ਦੁੱਧਾਂ ਦੀ ਪੇਸ਼ਕਸ਼ ਕਰਨਾ ਵੀ ਹੈ ਜੋ ਘੱਟ ਪੋਸ਼ਣ ਵਾਲੇ ਪੂਰਕ ਭੋਜਨਾਂ ਦੀ ਥਾਂ ਤੇ ਅਨੁਕੂਲਤ ਵਿਕਾਸ ਅਤੇ ਵਾਧੇ ਵੱਲ ਯੋਗਦਾਨ ਦਿੰਦੇ ਹਨ ਜੋ ਅਕਸਰ ਸ਼ਿਸ਼ੂਆਂ ਨੂੰ ਖੁਆਏ ਜਾਂਦੇ ਹਨ।

ਸਾਡੀ ਸ਼ਿਸ਼ੂ ਭੋਜਨ ਮਾਰਕੀਟਿੰਗ ਵਰਲਡ ਹੈਲਥ ਓਰਗੇਨਾਈਜੇਸ਼ਨ (WHO) ਦੇ ਮਾਂ ਦੇ ਦੁੱਧ ਦੇ ਵਿਕਲਪਾਂ ਦੀ ਅੰਤਰਰਾਸ਼ਟਰੀ ਮਾਰਕੀਟਿੰਗ ਕੋਡ ਦੇ ਮੁਤਾਬਕ ਪੇਸ਼ ਕੀਤੀ ਜਾਂਦੀ ਹੈ, ਜਿਵੇਂ ਕਿ WHO ਦੇ ਹਰ ਸਦੱਸਆਂ ਰਾਹੀਂ ਲਾਗੂ ਕੀਤਾ ਗਿਆ। ਇਸ ਤੋਂ ਇਲਾਵਾ ਵਿਕਾਸਸ਼ੀਲ ਦੇਸ਼ਾਂ ਵਿੱਚ, ਅਸੀਂ ਆਪਣੀ ਇੱਛਾ ਨਾਲ ਡਬਲਯੂ ਐਚ ਓ ਕੋਡ ਲਾਗੂ ਕਰਦੇ ਹਾਂ, ਭਾਵੇਂ ਸਰਕਾਰ ਨੇ ਅਜਿਹਾ ਕੀਤਾ ਹੈ ਜਾਂ ਨਹੀਂ। ਅਸੀਂ ਇਨ੍ਹਾਂ ਮਾਨਕਾਂ ਦੇ ਅਨੁਪਾਲਨ ਨੂੰ ਯਕੀਨੀ ਬਨਾਉਣ ਲਈ ਆਪਣੇ ਅਭਿਆਸਾਂ ਦੀ ਜਾਂਚ ਕਰਦੇ ਹਾਂ, ਇਸ ਗੱਲ ਤੋਂ ਬੇਪ੍ਰਵਾਹ ਕਿ ਕੀ ਸਰਕਾਰੀ ਜਾਂਚ ਪ੍ਰਣਾਲੀ ਉਸ ਥਾਂ 'ਤੇ ਲਾਗੂ ਹੁੰਦੀ ਹੈ ਜਾਂ ਨਹੀਂ। WHO ਕੋਡ ਦੇ ਨਾਲ ਨੈਸਲੇ ਦੇ ਅਨੁਪਾਲਨ ਦੀ ਸੁਤੰਤਰ ਲੇਖਾ ਪੜਤਾਲ ਸਮਾਜਕ ਲੇਖਾ-ਪੜਤਾਲ ਕੰਪਨੀਆਂ ਅਤੇ ਜਨਤੱਕ ਤੌਰ ਤੇ ਉਪਲਬਧ ਰਿਪੋਰਟਾਂ ਦੀ ਪਛਾਣ ਕਰਕੇ ਲਗਾਤਾਰ ਕੀਤੀ ਜਾਂਦੀ ਹੈ। ਕਿਰਪਾ ਕਰਕੇ www.babymilk.nestle.com ਵੇਖੋ।

ਮਨੁੱਖੀ ਹੱਕ ਅਤੇ ਮਜ਼ਦੂਰੀ ਅਭਿਆਸ

4
ਸਾਡੀਆਂ ਵਪਾਰਕ ਸਰਗਰਮੀਆਂ ਵਿੱਚ ਮਨੁੱਖੀ ਹੱਕ

ਅਸੀਂ ਯੂਨਾਈਟਡ ਨੇਸ਼ਨਜ਼ ਗਲੋਬਲ ਕੰਪੇਕਟਸ (ਯੂ ਐਨ ਜੀ ਸੀ) ਦੇ ਮਨੁੱਖੀ ਹੱਕਾਂ ਅਤੇ ਮਜ਼ਦੂਰੀ ਤੇ ਰਸਤਾ ਵਿਖਾਉਂਦੇ ਹੋਏ ਸਿਧਾਂਤਾਂ ਦਾ ਸਮਰਥਨ ਕਰਦੇ ਹਾਂ ਅਤੇ ਸਾਡਾ ਟੀਚਾ ਸਾਡੀਆਂ ਸਾਰੀਆਂ ਵਪਾਰਕ ਸਰਗਰਮੀਆਂ ਦੁਆਰਾ ਮਨੁੱਖੀ ਹੱਕ ਅਤੇ ਮਜ਼ਦੂਰੀ ਅਭਿਆਸਾਂ ਦੀ ਇੱਕ ਚੰਗੀ ਮਿਸਾਲ ਪ੍ਰਦਾਨ ਕਰਨਾ ਹੈ।

ਅਸੀਂ

* ਆਪਣਾ ਪ੍ਰਭਾਵਤ ਖੇਤਰ ਅੰਦਰ ਅੰਤਰਰਾਸ਼ਟਰੀ ਮਨੁੱਖੀ ਹੱਕਾਂ ਦੀ ਸੁਰੱਖਿਆ ਦਾ ਸਮਰਥਨ ਅਤੇ ਸਨਮਾਨ ਕਰਦੇ ਹਾਂ (UNGC ਸਿਧਾਂਤ 1);
* ਯਕੀਨੀ ਬਣਾਉਂਦੇ ਹਾਂ ਕਿ ਅਸੀਂ ਮਨੁੱਖੀ ਹੱਕਾਂ ਦੀ ਗਲਤ ਵਰਤੋਂ ਵਿੱਚ ਸ਼ਾਮਲ ਨਹੀਂ ਹਾਂ। (UNGC ਸਿਧਾਂਤ 2);
* ਬੱਚਿਆਂ ਦੇ ਹਰ ਤਰ੍ਹਾਂ ਦੇ ਸ਼ੋਸ਼ਣ ਦੇ ਖਿਲਾਫ ਹਾਂ।
* ਗੁਪਤਤਾ ਨੂੰ ਮਨੁੱਖੀ ਹੱਕ ਵਜੋਂ ਪਛਾਣਦੇ ਹਾਂ।
* ਆਪਣੀਆਂ ਸਾਰੀਆਂ ਕੰਪਨੀਆਂ ਤੋਂ ਮਨੁੱਖੀ ਹੱਕਾਂ ਦੇ ਅਭਿਆਸਾਂ ਨਾਲ ਸਬੰਧਿਤ ਸਥਾਨਕ ਕਨੂੰਨਾਂ ਅਤੇ ਨਿਯਮਾਂ ਦਾ ਸਨਮਾਨ ਅਤੇ ਪਾਲਨ ਕਰਨ ਦੀ ਆਸ ਕਰਦੇ ਹਾਂ। ਜਦੋਂ ਵੀ ਸਾਡੇ ਆਪਣੇ ਸਿਧਾਂਤ ਅਤੇ ਨਿਯਮ ਸਥਾਨਕ ਨਿਯਮਾਂ ਤੋਂ ਵੱਧ ਕਰੜੇ ਹੁੰਦੇ ਹਨ, ਉੱਚ ਮਾਨਕ ਲਾਗੂ ਹੁੰਦੇ ਹਨ ;
* ਇਸ ਗੱਲ ਦੀ ਪ੍ਰਵਾਹ ਨਾ ਕਰਦੇ ਹੋਏ ਕਿ ਅਖੀਰਕਾਰ ਸਰਕਾਰ ਆਪਣੀਆਂ ਹੱਦਾਂ ਅੰਦਰ ਮਨੁੱਖੀ ਹੱਕਾਂ ਦੀ ਰੱਖਿਆ ਕਰਨ ਲਈ ਇੱਕ ਕਾਨੂੰਨੀ ਢਾਂਚਾ ਬਣਾਉਣ ਲਈ ਜੁੰਮੇਵਾਰ ਹੈ, ਅਸੀਂ ਮਨੁੱਖੀ ਹੱਕਾਂ ਦਾ ਸਨਮਾਨ ਕਰਨ ਲਈ ਕੰਪਨੀਆਂ ਦੀਆਂ ਜੁੰਮੇਵਾਰੀਆਂ ਦੀ ਪਛਾਣ ਕਰਦੇ ਹਾਂ।

ਅਸੀਂ ਹੇਠ ਲਿਖੀ ਪੁਸ਼ਟੀ ਕਰਦੇ ਹਾਂ

* ਸਾਮੂਹਿਕ ਸੌਦੇਬਾਜੀ ਵਿੱਚ ਸੰਘ ਦੀ ਸੁਤੰਤਰਤਾ ਅਤੇ ਹੱਕ ਦੀ ਪ੍ਰਭਾਵੀ ਪਛਾਣ (UNGC ਸਿਧਾਂਤ 3);
* ਹਰ ਤਰ੍ਹਾਂ ਦੀ ਜਬਰਨ ਅਤੇ ਲਾਜ਼ਮੀ ਮਜ਼ਦੂਰੀ ਨੂੰ ਖਤਮ ਕਰਨਾ (UNGC ਸਿਧਾਂਤ 4);
* ਬਾਲ ਮਜ਼ਦੂਰੀ ਨੂੰ ਪ੍ਰਭਾਵੀ ਤਰੀਕੇ ਨਾਲ ਜੜ ਤੋਂ ਖਤਮ ਕਰਨਾ (UNGC ਸਿਧਾਂਤ 5);
* ਰੁਜ਼ਗਾਰ ਦੇ ਮਾਮਲੇ ਵਿੱਚ ਪੱਖਪਾਤ ਨੂੰ ਖਤਮ ਕਰਨਾ (UNGC ਸਿਧਾਂਤ 6);

ਅਸੀਂ ਇੰਟਰਨੈਸ਼ਲ ਲੇਬਰ ਓਰਗੇਨਾਈਜੇਸ਼ਨ (ILO) ਦੀਆਂ ਅੱਠ ਮੌਲਿਕ ਕੰਨਵੈਂਸ਼ਨ ਦਾ ਪਾਲਨ ਕਰਦੇ ਹਾਂ, ਖਾਸ ਤੌਰ 'ਤੇ ਕੰਨਵੈਂਸ਼ਨ 87, ਸੰਘ ਦੀ ਸੁਤੰਤਰਤਾ ਅਤੇ ਇਕੱਠੇ ਹੋਣ ਦੇ ਹੱਕ ਦੀ ਸੁਰੱਖਿਆ (1948), ਇਸ ਦੇ ਨਾਲ ਪਰੰਪਰਾ 138, ਰੁਜ਼ਗਾਰ ਦੀ ਘੱਟੋ-ਘੱਟ ਉਮਰ ਅਤੇ ਪਰੰਪਰਾ 182, ਬਾਲ ਮਜ਼ਦੂਰੀ ਦੇ ਸਭ ਤੋਂ ਗੰਦੇ ਰੂਪ, ਜੋ ਕਿ ਯੂਨਾਈਟਿਡ ਨੇਸ਼ਨਜ਼ ਕਨਵੈਸ਼ਨ ਆਫ ਦੀ ਰਾਈਟਜ਼ ਆਫ ਦ ਚਾਈਲਡ (ਆਰਟੀਕਲ 32) ਤੇ ਅਧਾਰਤ ਹਨ। ਇਸ ਤੋਂ ਇਲਾਵਾ ਅਸੀਂ ਮਾਰਜ 2006 ਦੇ ਬਹੁਰਾਸ਼ਟਰੀ ਉਧਮ ਅਤੇ ਸਮਾਜਕ ਨੀਤੀ (ILO) ਅਤੇ ਜੂਨ 2000 ਦੇ ਬਹੁਰਾਸ਼ਟਰੀ ਉੱਧਮਾਂ ਲਈ OECD ਦਿਸ਼ਾ-ਨਿਰਦੇਸਾਂ ਨਾਲ ਸਬੰਧਤ ਤਿੰਨ ਪੱਖੀ ਘੋਸ਼ਨਾ ਦਾ ਪਾਲਨ ਵੀ ਕਰਦੇ ਹਾਂ।

5
ਅਗੁਆਈ ਅਤੇ ਨਿੱਜੀ ਜ਼ੁੰਮੇਵਾਰੀ

ਸਾਡੀ ਸਫਲਤਾ ਸਾਡੇ ਕਰਮਚਾਰੀਆਂ 'ਤੇ ਅਧਾਰਿਤ ਹੈ। ਅਸੀਂ ਇੱਕ ਦੂਜੇ ਨਾਲ ਸਨਮਾਨ ਅਤੇ ਇੱਜ਼ਤ ਨਾਲ ਵਿਵਹਾਰ ਕਰਦੇ ਹਾਂ ਅਤੇ ਹਰ ਇੱਕ ਤੇ ਇਹ ਆਸ ਕਰਦੇ ਹਾਂ ਕਿ ਉਹ ਆਪਣੀ ਨਿੱਜੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਵਧਾਵੇ। ਅਸੀਂ ਲਾਇਕ ਅਤੇ ਪ੍ਰੇਰਿਤ ਲੋਕਾਂ ਨੂੰ ਭਰਤੀ ਕਰਦੇ ਹਾਂ ਜੋ ਸਾਡੀਆਂ ਕਦਰਾਂ ਦਾ ਸਨਮਾਨ ਕਰਦੇ ਹਨ, ਉਨ੍ਹਾਂ ਦੇ ਵਿਕਾਸ ਅਤੇ ਤਰੱਕੀ ਲਈ ਸਮਾਨ ਮੌਕੇ ਪ੍ਰਦਾਨ ਕਰਦੇ ਹਾਂ, ਉਨ੍ਹਾਂ ਦੀ ਗੁਪਤਤਾ ਨੂੰ ਬਚਾਉਂਦੇ ਹਾਂ ਅਤੇ ਕਿਸੇ ਵੀ ਤਰ੍ਹਾਂ ਦੇ ਉਤਪੀੜਨ ਅਤੇ ਪੱਖਪਾਤ ਨੂੰ ਸਹਿਣ ਨਾਲ ਕਰਦੇ ਹਾਂ।

ਨੈਸਲੇ ਪ੍ਰਬੰਧਨ ਅਤੇ ਅਗੁਆਈ ਸਿਧਾਂਤ

ਸਾਡੇ ਪ੍ਰਬੰਧ ਅਤੇ ਅਗੁਆਈ ਸਿਧਾਂਤ ਸਾਡੇ ਸੱਭਿਆਚਾਰ ਅਤੇ ਮੁੱਖ ਕਦਰਾਂ ਦਾ ਵੇਰਵਾ ਦਿੰਦੇ ਹਨ ਜਿਸ ਦੀ ਪੁਸ਼ਟੀ ਕਰਨ ਦੀ ਆਸ ਆਸੀਂ ਆਪਣੇ ਕਰਮਚਾਰੀਆਂ ਤੋਂ ਕਰਦੇ ਹਾਂ, ਨਾਲ ਹੀ ਇਹ ਪ੍ਰਬੰਧਨ ਅਤੇ ਅਗੁਆਈ ਵਿੱਚ ਸਫਲ ਹੋਣ ਲਈ ਲੋੜੀਂਦੇ ਗੁਣ ਦਾ ਵੇਰਵਾ ਦਿੰਦੇ ਹਨ। ਕ੍ਰਿਪਾ ਕਰਕੇ www.nestle.com/policies ਵਿਖੇ The nestle Management and Leadership Principles ਵੇਖੋ।

ਨੈਸਲੇ ਵਪਾਰਕ ਆਚਾਰ ਸੰਹਿਤਾ

ਸਾਡੀ ਵਪਾਰਕ ਆਚਾਰ ਸੰਹਿਤਾ ਕਰਮਚਾਰੀ ਵਿਵਹਾਰ ਹੋ ਕੇ ਮੁੱਖ ਖੇਤਰਾਂ ਵਿੱਚ ਕੁਝ ਖਾਸ, ਨਾ ਬਦਲੇ ਜਾਣ ਵਾਲੇ ਘੱਟੋ ਘੱਟ ਮਾਨਕਾਂ ਦਾ ਵੇਰਵਾ ਦਿੰਦੀ ਹੈ, ਜਿਸ ਵਿੱਚ ਕਾਨੂੰਨ ਦਾ ਪਾਲਣ, ਹਿੱਤਾਂ ਦਾ ਟਾਕਰਾਂ, ਟਰੱਸਟ ਵਿਰੋਧੀ ਅਤੇ ਨਿਰਪੱਖ ਸੌਦਾ, ਰਿਸ਼ਵਤਖੋਰੀ, ਭਰਿਸ਼ਟਾਚਾਰ (UNGC ਸਿਧਾਂਤ 10), ਭੇਦਭਾਵ ਅਤੇ ਉਤਪੀੜਨ ਅਤੇ ਈਮਾਨਦਾਰੀ ਸ਼ਾਮਲ ਹੈ। ਅਸੀਂ ਖੁੱਲ੍ਹੇ ਮੁਕਾਬਲੇ ਦੀ ਮਹੱਤਤਾ ਤੇ ਵਿਸ਼ਵਾਸ ਕਰਦੇ ਹਾਂ ਅਤੇ ਸਾਰੇ ਹਲਾਤਾਂ ਵਿੱਚ ਸੱਚਾਈ ਨਾਲ ਕੰਮ ਕਰਨ ਲਈ ਵਚਨਬੱਧ ਹਾਂ। ਕ੍ਰਿਪਾ ਕਰਕੇ www.nestle.com/policies ਵਿਖੇ The Nestle Code of Business Conduct ਵੇਖੋ।

ਸਾਡੀ ਮਨੁੱਖੀ ਸਰੋਤ ਨੀਤੀ ਖਾਸ ਵਿਸ਼ੇਸ਼ਤਾਵਾਂ ਬਿਆਨ ਕਰਦੀ ਹੈ ਜਿਵੇਂ ਕਿ ਆਪਸੀ ਸਨਮਾਨ, ਵਿਸ਼ਵਾਸ ਅਤੇ ਇੱਕ ਦੂਜੇ ਨਾਲ ਸੰਬਧ ਵਿੱਚ ਪਾਰਦਰਸ਼ਿਤਾ ਅਤੇ ਖੁੱਲ੍ਹੇ ਸੰਚਾਰ ਅਤੇ ਸਹਿਯੋਗ ਦਾ ਵਧਾਵਾ ਦਿੰਦੀ ਹੈ। ਸਾਡਾ ਇਹ ਵੀ ਮੰਨਣਾ ਹੈ ਕਿ ਚਰਿਕਾਲੀ ਸਫਲਤਾ ਸਹੀ ਅਤੇ ਸਭ ਤੋਂ ਵਧੀਆ ਕਰਮਚਾਰੀਆਂ ਨੂੰ ਖਿੱਚਣ ਵਿਕਸਿਤ ਕਰਨ, ਰੱਖਿਆ ਕਰਨ ਅਤੇ ਬਣਾਏ ਰੱਖਣ ਦੀ ਸਾਡੀ ਯੋਗਤਾ ਤੇ ਨਿਰਭਰ ਕਰਦੀ ਹੈ।

ਅਸੀਂ ਕਰਮਚਾਰੀਆਂ ਦੇ ਹੱਕਾਂ ਨਾਲ ਸੰਬੰਧਿਤ ਅੰਤਰਰਾਸ਼ਟਰੀ, ਕੰਨਵੈਂਸ਼ਨ ਦਾ ਸਨਮਾਨ ਕਰਦੇ ਹਾਂ, ਜਾਤ, ਰਾਸ਼ਟਰੀਤਾ, ਮੂਲ, ਲੀਗ, ਉਮਰ ਜਾਂ ਸੈਕਸ ਸਬੰਧੀ ਨੀਤੀ ਜਿਹੇ ਕਾਰਨਾਂ ਲਈ ਪੱਖਪਾਤ ਬਰਦਾਸ਼ਤ ਨਹੀਂ ਕਰਦੇ ਹਾਂ ਜਾਂ ਉਪਰੋਕਤ ਕਿਸੇ ਜਾਂ ਕੋਈ ਹੋਰ ਕਾਰਨ ਲਈ ਕਿਸੇ ਤਰ੍ਹਾਂ ਦੇ ਮੌਖਿਕ ਜਾਂ ਸਰੀਰਕ ਉਤਪੀੜਨ ਵਿੱਚ ਸ਼ਾਮਲ ਨਹੀਂ ਹੁੰਦੇ ਹਾਂ। ਅਸੀਂ ਸਾਡੇ ਕਰਮਚਾਰੀਆਂ ਦੇ ਸੰਘਾਂ ਦੀ ਸੁਤੰਤਰਤਾ ਅਤੇ ਯੂਨੀਅਨ ਜਾਂ ਹੋਰ ਤਰ੍ਹਾਂ ਦੇ ਸੰਗਠਨਾਂ ਰਾਹੀਂ ਸਮੂਹਿਕ ਸੌਦੇਬਾਜੀ ਦੇ ਹੱਕ ਦੀ ਪ੍ਰਭਾਵੀ ਪਛਾਣ ਦੀ ਪੁਸ਼ਟੀ ਕਰਦੇ ਹਾਂ (UNGC ਸਿਧਾਂਤ 3) ਅਸੀਂ ਆਪਣੇ ਕਰਮਚਾਰੀਆਂ ਦੇ ਗੁਪਤਤਾ ਦੇ ਹੱਕ ਦਾ ਸਨਮਾਨ ਕਰਦੇ ਹਾਂ।

6
ਕੰਮ ਦੀ ਥਾਂ ਵਿਖੇ ਸੁਰੱਖਿਆ ਅਤੇ ਸਿਹਤ

ਅਸੀਂ ਕੰਮ ਨਾਲ ਸਬੰਧਿਤ ਦੁਰਘਟਨਾਵਾਂ, ਸੱਟਾਂ ਅਤੇ ਬੀਮਾਰੀਆਂ ਰੋਕਣ ਅਤੇ ਕਰਮਚਾਰੀਆਂ, ਠੇਕੇਦਾਰਾਂ ਅਤੇ ਇਸ ਮੁੱਲ ਸਬੰਧੀ ਕੜੀ ਵਿੱਚ ਸ਼ਾਮਲ ਹੋਰਾਂ ਦੀ ਰੱਖਿਆ ਕਰਨ ਲਈ ਵਚਨਬੱਧ ਹਾਂ।

ਕੰਮ ਦੀ ਥਾਂ ਵਿਖੇ ਸੁਰੱਖਿਆ ਅਤੇ ਸਿਹਤ ਦੀ ਸਾਡੀ ਨੀਤੀ ਸੁਰੱਖਿਆ ਨੂੰ ਸਾਡੇ ਸੱਭਿਆਚਾਰ ਦੀ ਇੱਕ ਗੈਰ ਤਬਦੀਲ ਪਹਿਲ ਵਜੋਂ ਸਥਾਪਤ ਕਰਦੀ ਹੈ। ਅਸੀਂ ਜਾਣਦੇ ਹਾਂ ਅਤੇ ਚਾਹੁੰਦੇ ਹਾਂ ਕਿ ਹਰ ਕੋਈ ਉੱਚ ਮਾਨਕ ਸਥਾਪਿਤ ਕਰਨ ਰਾਹੀਂ ਇੱਕ ਸੁਰੱਖਿਅਤ ਅਤੇ ਸਿਹਤਮੰਦ ਵਾਤਾਵਰਨ ਪ੍ਰਦਾਨ ਕਰਨ ਵਿੱਚ ਇੱਕ ਕਿਰਿਆਸ਼ੀਲ ਭੂਮਿਕਾ, ਨਿਭਾਵੇ ਅਤੇ ਕਰਮਚਾਰੀਆਂ, ਠੇਕੇਦਾਰਾਂ ਅਤੇ ਸਾਡੀਆਂ ਵਪਾਰਕ ਕਿਰਿਆਵਾਂ ਨਾਲ ਸਬੰਧਤ ਜਾਂ ਪ੍ਰਭਾਵਤ ਹੋਰ ਲੋਕਾਂ ਦੀ ਸੁਰੱਖਿਆ ਅਤੇ ਸਿਹਤ ਦੀ ਜਾਣਕਾਰੀ ਅਤੇ ਚੇਤੰਨਤਾ ਨੂੰ ਵਧਾਵਾ ਦੇਵੇ।

ਅਸੀਂ ਨੈਸਲੇ ਰੁਜ਼ਗਾਰ ਸੁਰੱਖਿਆ ਅਤੇ ਸਿਹਤ ਪ੍ਰਬੰਧਨ ਪ੍ਰਣਾਲੀ ਦੁਆਰਾ ਆਪਣੇ ਪ੍ਰਦਰਸ਼ਨ ਦੀ ਜਾਂਚ ਕਰਦੇ ਹਾਂ ਤਾਂ ਜੋ ਇੱਕ ਸਿਹਤਮੰਦ ਅਤੇ ਸੁਰੱਖਿਅਤ ਕੰਮ ਦੀ ਥਾਂ ਯਕੀਨੀ ਬਣਾਈ ਜਾ ਸਕੇ। ਕ੍ਰਿਪਾ ਕਰਕੇ www.nestle.com/policies ਵਿਖੇ The nestle Policy on Safety and Health at Work ਵੇਖੋ।

ਆਪੂਰਤੀਕਾਰ ਅਤੇ ਗ੍ਰਾਹਕ

7
ਆਪੂਰਤੀਕਾਰ ਅਤੇ ਗ੍ਰਾਹਕ ਦੇ ਰਿਸ਼ਤੇ

ਅਸੀਂ ਚਾਹੁੰਦੇ ਹਾਂ ਕਿ ਸਾਡੇ ਆਪੂਰਤੀਕਾਰ, ਏਜੰਟ, ਸਹਿ-ਠੇਕੇਦਾਰ ਅਤੇ ਉਨ੍ਹਾਂ ਦੇ ਕਰਮਚਾਰੀ ਹਮੇਸ਼ਾਂ ਸੱਚਾਈ, ਇਮਾਨਦਾਰੀ ਅਤੇ ਨਿਰਪੱਖਤਾ ਵਿਖਾਉਣ ਅਤੇ ਸਾਡੇ ਨਾ ਬਦਲੇ ਜਾਣ ਵਾਲੇ ਮਾਨਕਾਂ ਦਾ ਪਾਲਣ ਕਰਨ। ਇਸ ਵਾਂਗ ਹੀ, ਅਸੀਂ ਵੀ ਆਪਣੇ ਗ੍ਰਾਹਕਾਂ ਪ੍ਰਤੀ ਵਚਨਬੱਧ ਹਾਂ।

ਨੈਸਲੇ ਸਪਲਾਈਅਰ ਕੋਡ ਘੱਟੋ-ਘੱਟ ਮਾਨਕਾਂ ਬਾਰੇ ਦੱਸਦਾ ਹੈ ਜਿਸ ਦਾ ਸਨਮਾਨ ਅਤੇ ਪਾਲਨ ਕਰਨ ਲਈ ਅਸੀਂ ਆਪਣੇ ਆਪੂਰਤੀਕਾਰ, ਏਜੰਟਾਂ, ਸਹਿ-ਠੇਕੇਦਾਰਾਂ ਅਤੇ ਉਨ੍ਹਾਂ ਦੇ ਕਰਮਚਾਰੀਆਂ ਨੂੰ ਕਹਿੰਦੇ ਹਾਂ। ਸਪਲਾਈਅਰ ਕੋਡ ਵਿੱਚ ਲੋੜਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਵਪਾਰ ਦੀ ਅਖੰਡਤਾ, ਲਗਾਤਾਰ ਚਲ ਰਹੇ ਹਨ ਅਤੇ ਖੇਤੀਬਾੜੀ ਅਭਿਆਸ, ਮਜ਼ਦੂਰ ਮਾਨਕ, ਸੁਰੱਖਿਆ, ਸਿਹਤ ਅਤੇ ਵਾਤਾਵਰਨ ਸਬੰਧੀ ਅਭਿਆਸ।

ਇਹ ਯਕੀਨੀ ਬਣਾਉਣ ਲਈ ਕਿ ਸਪਲਾਈਅਰ ਕੋਡ ਦੀ ਪਾਲਨਾ ਕੀਤੀ ਜਾ ਰਹੀ ਹੈ, ਅਸੀਂ ਨਿਯਮਿਤ ਅਧਾਰ ਤੇ ਕੋਡ ਦੇ ਨਾਲ ਸਪਲਾਈਅਰ ਦੇ ਅਨੁਪਾਲਨ ਦੇ ਜਾਂਚ ਕਰਨ ਦਾ ਹੱਕ ਰਾਖਵਾਂ ਰੱਖਦੇ ਹਾਂ।
ਕ੍ਰਿਪਾ ਕਰਕੇ www.nestle.com/policies ਵਿਖੇ The nestle Supplier ਵੇਖੋ।

8
ਖੇਤਬਾੜੀ ਅਤੇ ਪੇਂਡੂ ਵਿਕਾਸ

ਅਸੀਂ ਉਤਪਾਦਨ, ਕਿਸਾਨਾਂ ਦੀ ਸਮਾਜਿਕ ਅਤੇ ਆਰਥਿਕ ਹਾਲਤਾਂ, ਪੇਂਡੂ ਸਮੂਹਾਂ ਅਤੇ ਉਤਪਾਦਨ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਵਚਨਬੱਧ ਹਾਂ ਤਾਂ ਜੋ ਇਨ੍ਹਾਂ ਨੂੰ ਹੋਰ ਵਾਤਾਵਰਨ ਸੰਬੰਧੀ ਸਥਿਰ ਬਣਾਇਆ ਜਾ ਸਕੇ।

ਇਹ ਯਕੀਨੀ ਬਣਾਉਣ ਲਈ ਕਿ ਸਾਡੀਆਂ ਫੈਕਟਰੀਆਂ ਤੁਲਨਾਤਮਕ ਕੱਚਾ ਮਾਲ ਪ੍ਰਾਪਤ ਕਰਨ ਅਤੇ ਉਹ ਵੀ ਲੋੜੀਂਦੀ ਮਾਤਰਾ ਅਤੇ ਸੁਰੱਖਿਆ ਨਿਰਦੇਸ਼ਾਂ ਦੇ ਨਾਲ

* ਅਸੀਂ ਟਿਕਾਊ ਖੇਤੀਬਾੜੀ ਅਭਿਆਸਾ ਅਤੇ ਪ੍ਰਣਾਲੀਆਂ ਨੂੰ ਵਿਕਸਿਤ ਕਰਨ ਵਿੱਚ ਜੁਟੇ ਹੋਏ ਹਾਂ ਜੋ ਚਰਿਕਾਲੀ ਉਤਪਾਦਨ ਪ੍ਰਭਾਵਸ਼ੀਲਤਾ, ਕਿਸਾਨਾਂ ਲਈ ਸੰਭਾਵੀ ਆਮਦਨੀ ਅਤੇ ਆਪੂਰਤੀਕਾਰਾਂ ਨੂੰ ਖੇਤੀਬਾੜੀ ਸੰਬੰਧੀ ਜਾਣਕਾਰੀ ਭੇਜਣ ਵਿੱਚ ਯੋਗਦਾਨ ਕਰਨਗੇ।
* ਅਸੀਂ ਖੇਤੀਬਾੜੀ ਵਿਗਿਆਨ ਵਿੱਚ ਨਵੀਂਆਂ ਤਕਨੀਕਾਂ ਅਤੇ ਖੋਜਾਂ ਨੂੰ ਲਾਗੂ ਕਰਨ ਵਿੱਚ ਸਮਰਥਨ ਦਿੰਦੇ ਹਾਂ, ਜਿਸ ਵਿੱਚ ਸੂਖਮ-ਜੀਵ ਵਿਗਿਆਨ ਰਾਹੀਂ ਪੇਸ਼ ਕੀਤੇ ਗਏ ਮੌਕੇ ਸ਼ਾਮਲ ਹਨ ਜਦੋਂ ਉਨ੍ਹਾਂ ਦੀ ਭੋਜਨ ਸੁਰੱਖਿਆ, ਖੇਤੀਬਾੜੀ ਅਭਿਆਸਾਂ ਅਤੇ ਉਤਪਾਦਨ ਪ੍ਰਭਾਵਸ਼ੀਲਤਾ ਤੇ ਸਕਾਰਾਤਮਕ ਪ੍ਰਭਾਵ ਦੀ ਵਿਗਿਆਨਕ ਤੌਰ ਤੇ ਪੁਸ਼ਟੀ ਕੀਤੀ ਹੁੰਦੀ ਹੈ ਅਤੇ ਇਹ ਗ੍ਰਾਹਕਾਂ ਰਾਹੀਂ ਮੰਨੀ ਗਈ ਹੁੰਦੀ ਹੈ।

ਸਸਟੇਨੇਬਲ ਐਗਰੀਕਲਚਰ ਇਨੀਸ਼ੇਟਿਵ ਨੈਸਲੇ (SAIN) ਖੇਤੀਬਾੜੀ ਪ੍ਰਣਾਲੀਆਂ ਵਿੱਚ ਖੇਤੀਬਾੜੀ ਅਭਿਆਸਾਂ, ਪੇਂਡੂ ਵਿਕਾਸ, ਸਰੋਤ ਕ੍ਰਿਆਵਾਂ ਅਤੇ ਅਭਿਆਸਾਂ ਦਾ ਸਮਰਥਨ ਕਰਨ ਲਈ ਸਾਡੀ ਸ਼ਮੂਲੀਅਤ ਨੂੰ ਰਾਹ ਵਿਖਾਉਂਦਾ ਹੈ ਜੋ ਲੰਮੇ ਸਮੇਂ ਤੱਕ ਟਿਕਾਊ ਹੁੰਦੇ ਹਨ। ਕ੍ਰਿਪਾ ਕਰਕੇ www.nestle.com/policies ਵਿਖੇ The nestle Policies on Environmental Sustainability ਵੇਖੋ।

ਵਾਤਾਵਰਨ

9
ਵਾਤਾਵਰਨ ਸਬੰਧੀ ਸਥਿਰਤਾ

ਅਸੀਂ ਵਾਤਾਵਰਨ ਸੰਬੰਧੀ ਸਥਿਰਤਾ ਵਾਲੇ ਵਪਾਰਕ ਅਭਿਆਸਾਂ ਲਈ ਆਪਣੇ ਆਪ ਪ੍ਰਤੀ ਵਚਨਬੱਧ ਹਾਂ। ਉਤਪਾਦ ਦੇ ਜੀਵਨ ਚੱਕਰ ਦੇ ਸਾਰੇ ਪੜਾਅ ਦੌਰਾਨ, ਅਸੀਂ ਪ੍ਰਭਾਵਸ਼ਾਲੀ ਤਰੀਕੇ ਨਾਲ ਕੁਦਰਤੀ ਸਰੋਤਾਂ ਦੀ ਵਰਤੋਂ ਕਰਨ, ਲਗਾਤਾਰ ਪ੍ਰਬੰਧ ਕੀਤੇ ਜਾਣ ਵਾਲੇ ਰੀਨਯੂਏਬਲ ਸਰੋਤਾਂ ਦੀ ਵਰਤੋਂ ਕਰਨ ਤੇ ਜ਼ੋਰ ਪਾਉਣ, ਅਤੇ ਜ਼ਰਾ ਵੀ ਬਰਬਾਦੀ ਨਾ ਹੋਣ ਦੇ ਟੀਚੇ ਦੀ ਕੋਸ਼ਿਸ਼ ਕਰਦੇ ਹਾਂ।

ਅਸੀਂ ਆਪਣੇ ਵਾਤਾਵਰਨ ਨੂੰ ਸੁਧਾਰਨ ਲਈ ਲਗਾਤਾਰ ਨਿਵੇਸ਼ ਕਰਦੇ ਹਾਂ। ਵਾਤਾਵਰਨ ਸਥਿਰਤਾ ਤੇ ਨੈਸਲੇ ਦੀ ਨੀਤੀ ਯੂਨਾਈਟਡ ਨੇਸ਼ਨਜ਼ ਗਲੋਬਲ ਕੰਪੈਕਟ ਦੇ ਵਾਤਾਵਰਨ ਸਬੰਧੀ ਤਿੰਨ ਮੁੱਖ ਸਿਧਾਂਤ ਨੂੰ ਸ਼ੁਰੂ ਕਰਦੀ ਹੈ (ਸਿਧਾਂਤ 7,8 ਅਤੇ 9)

ਅਸੀਂ ਖੇਤ ਤੋਂ ਗ੍ਰਾਹਕ ਤੱਕ ਆਪਣੇ ਭਾਗੀਦਾਰਾਂ ਨੂੰ ਸ਼ਾਮਲ ਕਰਦੇ ਹੋਏ ਉਤਪਾਦ ਜੀਵਨ ਚੱਕਰ ਦ੍ਰਿਸ਼ਟੀਕੋਣ ਲਾਗੂ ਕਰਦੇ ਹਾਂ ਤਾਂ ਜੋ ਸਾਡੇ ਉਤਪਾਦਾਂ ਅਤੇ ਕਿਰਿਆਵਾਂ ਦੇ ਵਾਤਵਰਨ ਸਬੰਧੀ ਪ੍ਰਭਾਵ ਨੂੰ ਘੱਟੋ ਘੱਟ ਕੀਤਾ ਜਾ ਸਕੇ। ਸਾਡੇ ਚਾਰ ਮੁੱਖ ਖੇਤਰ ਹਨ : ਪਾਣੀ, ਖੇਤੀਬਾੜੀ ਸਬੰਧੀ ਕੱਚੀ ਸਮੱਗਰੀ, ਸਾਡੇ ਉਤਪਾਦ ਦਾ ਨਿਰਮਾਣ ਅਤੇ ਵੰਡ ਅਤੇ ਪੈਕੇਜਿੰਗ। ਅਸੀਂ ਨੈਸਲੇ ਵਾਤਾਵਰਨ ਸਬੰਧੀ ਪ੍ਰਣਾਲੀ ਦੁਆਰਾ ਇਸ ਨੀਤੀ ਨੂੰ ਲਾਗੂ ਕਰਦੇ ਹਾਂ।

ਅਸੀਂ ਮੰਨਦੇ ਹਾਂ ਕਿ ਵਾਤਾਵਰਨ ਸਬੰਧੀ ਪ੍ਰਦਰਸ਼ਨ ਇਕੱ ਵੰਡੀ ਹੋਈ ਜ਼ੁੰਮੇਵਾਰੀ ਹੈ ਅਤੇ ਇਸ ਵਿੱਚ ਸਮਾਜ ਦੇ ਸਾਰੇ ਹਿੱਸਿਆਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ। ਅਸੀਂ ਆਪਣੇ ਪ੍ਰਭਾਵਤ ਖੇਤਰ ਦੇ ਅੰਦਰ ਲਗਾਤਾਰ ਅਗੁਆਈ ਮੁਹੱਈਆ ਕਰਾਉਣ ਲਈ ਮਕੱਰਰ ਕੀਤੇ ਗਏ ਹਾਂ। ਕ੍ਰਿਪਾ ਕਰਕੇ www.nestle.com/policies ਵਿਖੇ The Nestle Policy on Environmental Sustainability ਵੇਖੋ।

10
ਪਾਣੀ

ਅਸੀਂ ਪਾਣੀ ਦੀ ਲਗਾਤਾਰ ਵਰਤੋਂ ਅਤੇ ਪਾਣੀ ਦੇ ਪ੍ਰਬੰਧਨ ਵਿੱਚ ਲਗਾਤਾਰ ਸੁਧਾਰ ਲਈ ਵਚਨਬੱਧ ਹਾਂ। ਸਾਨੂੰ ਪਤਾ ਹੈ ਕਿ ਦੁਨੀਆਂ ਪਾਣੀ ਦੀ ਵੱਧ ਰਹੀ ਚੁਣੌਤੀ ਦਾ ਸਾਹਮਣਾ ਕਰਦੀ ਹੈ ਅਤੇ ਪਾਣੀ ਦੀ ਵਰਤੋਂ ਕਰਨ ਵਾਲੇ ਸਾਰਿਆਂ ਰਾਹੀਂ ਪਾਣੀ ਦੇ ਸਰੋਤਾਂ ਦੇ ਜ਼ੁੰਮੇਵਾਰ ਪ੍ਰਬੰਧਨ ਦੀ ਬਹੁਤ ਲੋੜ ਹੈ।

ਨੈਸਲੇ ਲਈ ਧਿਆਨ ਦੇਣ ਵਾਸਤੇ ਪਾਣੀ ਇੱਕ ਮੁੱਖ ਖੇਤਰ ਹੈ। ਪਾਣੀ ਤੇ ਨੈਸਲੇ ਦੀ ਵਚਨਬੱਧਤਾ ਪਾਣੀ ਦੀ ਜ਼ੁੰਮੇਵਾਰ ਵਰਤੋਂ ਲਈ ਸਾਡੀਆਂ ਪਹਿਲਾਂ ਅਤੇ ਟੀਚੇ ਸਥਾਪਤ ਕਰਦੀਆਂ ਹਨ। ਇਨ੍ਹਾਂ ਵਿੱਚ ਸਾਡੇ ਕਮਾਂ ਵਿੱਚ ਵਰਤੇ ਜਾਂਦੇ ਪਾਣੀ ਦੀ ਮਾਤਰਾ ਨੂੰ ਘੱਟ ਕਰਨ ਦੇ ਸਾਡੇ ਲਗਾਤਾਰ ਯਤਨ ਸ਼ਾਮਿਲ ਹਨ, ਯਕੀਨੀ ਬਣਾਉਣਾ ਹੈ ਕਿ ਕਿਰਿਆਵਾਂ ਸਥਾਨਕ ਪਾਣੀ ਦੇ ਸਰੋਤਾਂ ਦਾ ਧਿਆਨ ਰੱਖਦੀਆਂ ਹਨ, ਯਕੀਨੀ ਬਣਾਉਣਾ ਹੈ ਕਿ ਵਾਤਾਵਰਨ ਵਿੱਚ ਸਾਡੇ ਰਾਹੀਂ ਛੱਡਿਆ ਗਿਆ ਪਾਣੀ ਸਾਫ ਹੈ, ਪਾਣੀ ਦੇ ਬਚਾਅ ਨੂੰ ਵਧਾਵਾ ਦੇਣ ਲਈ ਆਪੂਰਤੀਕਾਰਾਂ ਨਾਲ ਮਿਲ ਕੇ ਕੰਮ ਕਰਨਾ, ਖਾਸ ਤੌਰ 'ਤੇ ਕਿਸਾਨਾਂ ਨਾਲ ਅਤੇ ਪਾਣੀ ਦੀ ਸੁਰੱਖਿਆ ਅਤੇ ਪਹੁੰਚ ਉੱਤੇ ਹੋਰਾਂ ਤੱਕ ਪਹੁੰਚਣ। ਯੂਨਾਈਟਡ ਨੇਸ਼ਨਜ਼ ਗਲੋਬਲ ਕੰਪੈਕਟ ਸੀ ਈ ਓ ਵਾਟਰ ਮੈਂਡੇਟ ਲਈ ਨੈਸਲੇ ਇੱਕ ਸੰਸਥਾਪਕ ਹਸਤਾਖਰਕਰਤਾ ਹੈ।

ਅਸੀਂ ਪਾਣੀ ਦੇ ਸਰੋਤਾਂ ਦੇ ਪ੍ਰਬੰਧਨ ਪੇਸ਼ੇਵਰਾਂ ਰਾਹੀਂ ਅਤੇ ਨੈਸਲੇ ਵਾਤਾਵਰਨ ਸੰਬੰਧੀ ਪ੍ਰਬੰਧਨ ਪ੍ਰਣਾਲੀ ਦੇ ਨਾਲ ਸਾਡੇ ਵਾਤਾਵਰਨ ਸਬੰਧੀ ਮਾਹਰਾਂ ਦੇ ਨਾਲ ਆਪਣੀ ਫੈਕਟਰੀਆਂ ਵਿੱਚ ਪਾਣੀ ਦੀ ਪ੍ਰਭਾਵਸ਼ੀਲਤਾ ਦੀ ਜਾਂਚ ਕਰਦੇ ਅਤੇ ਸੁਧਾਰਤੇ ਹਾਂ।

ਅਸੀਂ ਸਾਰੇ ਲੋਕਾਂ ਦੀਆਂ ਉਨ੍ਹਾਂ ਦੀਆਂ ਮੌਲਿਕ ਲੋੜਾਂ ਪੂਰੀਆਂ ਕਰਨ ਵਾਸਤੇ ਸਾਫ ਪਾਣੀ ਤੱਕ ਪਹੁੰਚ ਹੋਣ ਦੇ ਹੱਕ ਦੀ ਪਛਾਣ ਕਰਦੇ ਹਾਂ।

ਕ੍ਰਿਪਾ ਕਰਕੇ www.nestle.com/policies ਵਿਖੇ Every Drop Counts ਵੇਖੋ।

ਲੇਖਾ ਪੜਤਾਲ

ਨੈਸਲੇ ਕਾਰਪੋਰੇਟ ਵਪਾਰਕ ਸਿਧਾਂਤ ਸਾਰੇ ਨੈਸਲੇ ਪ੍ਰਬੰਧਕਾਂ ਅਤੇ ਕਰਮਚਾਰੀਆਂ ਲਈ ਲਾਜ਼ਮੀ ਕਥਨ ਹਨ ਅਤੇ ਇਨ੍ਹਾਂ ਨੂੰ ਵਪਾਰਕ ਯੋਜਨਾ, ਲੇਖਾ ਪੜਤਾਲ ਅਤੇ ਪ੍ਰਦਰਸ਼ਨ ਪੜਚੋਲ ਵਿੱਚ ਸੰਮਲਿਤ ਕੀਤਾ ਗਿਆ ਹੈ।

ਕਾਰਪੋਰੇਟ ਵਪਾਰਕ ਸਿਧਾਂਤ ਖਾਸ ਨੀਤੀਆਂ ਅਤੇ ਸੰਦਰਭਿਤ ਕੋਡ ਨਾਲ ਜੁੜੇ ਹੋਏ ਹਨ, ਜਿੱਥੇ ਅਨੁਪਾਲਨ ਕਾਰਜ-ਵਿਧੀਆਂ ਨੂੰ ਦਰਸਾਇਆ ਗਿਆ। ਢੁਕਵੇਂ ਸੰਪਰਕ ਅਤੇ ਸੰਦਰਭਿਤ ਨੀਤੀਆਂ ਲਈ (ਕਵਰ ਅੰਦਰ) ਨੈਸਲੇ ਦੇ ਸਿਧਾਂਤਾਂ ਅਤੇ ਨੀਤੀਆਂ ਦਾ ਨਕਸ਼ਾ ਵੇਖੋ। ਨੈਸਲੇ ਦੀ ਆਪਣੇ ਕਾਰਪੋਰੇਟ ਵਪਾਰਕ ਸਿਧਾਂਤਾਂ ਨਾਲ ਸਬੰਧਿਤ ਅਨੁਪਾਲਨ ਦੀ ਪੜਚੋਲ ਸਪੱਸ਼ਟ ਲੇਖਾ ਪੜਤਾਲ ਹਦਾਇਤਾ ਦੇ ਅਧਾਰ ਤੇ ਅੰਦਰੂਨੀ ਲੇਖਾ-ਪੜਤਾਲ ਕਰਤਾਵਾਂ ਰਾਹੀਂ ਨਿਯਮਿਤ ਤੌਰ ਤੇ ਕੀਤੀ ਜਾਂਦੀ ਹੈ, ਜਿਸ ਨੂੰ ਸਾਰੇ ਕਰਮਚਾਰੀਆਂ ਲਈ ਸਲਾਹ ਲੈਣ ਵਾਸਤੇ ਨੈਸਲੇ ਐੱਸ.ਏ. ਇੰਟਰਨੈਟ ਤੇ ਪ੍ਰਕਾਸ਼ਿਤ ਕੀਤਾ ਗਿਆ ਹੈ। ਮਨੁੱਖੀ, ਸਰੋਤਾਂ, ਸੁਰੱਖਿਆ, ਸਿਹਤ, ਵਾਤਾਵਰਨ ਅਤੇ ਵਪਾਰਕ ਅਖੰਡਤਾ ਨਾਲ ਸਬੰਧਿਤ ਅਨੁਪਾਲਨ ਦਾ ਮੁਲਾਂਕਣ ਸਾਡੇ ਕੇਅਰ ਪ੍ਰੋਗਰਾਮਰ ਰਾਹੀਂ ਕੀਤਾ ਜਾਂਦਾ ਹੈ ਜੋ ਕਿ ਇਕੱ ਸੁਤੰਤਰ ਬਾਹਰਲੇ ਲੇਖਾ-ਪੜਤਾਲ ਨੈਟਵਰਕ ਤੇ ਨਿਰਭਰ ਹੁੰਦਾ ਹੈ। ਸਾਂਝੀਆਂ ਕਦਰਾਂ ਪੈਦਾ ਕਰਨ ਤੇ ਸਾਡੀਆਂ ਰਿਪੋਰਟਾਂ ਦੀ ਲੇਖਾ-ਪੜਤਾਲ ਸਟੀਕਤਾ ਅਤੇ ਪ੍ਰਵਾਨਗੀ ਲਈ ਬਾਹਰੀ ਸੁਤੰਤਰ ਲੇਖਾ-ਪੜਤਾਲਕਰਤਾਵਾਂ ਰਾਹੀਂ ਕੀਤੀ ਗਈ ਹੈ। ਸਾਡੇ ਬਾਹਰੀ ਲੇਖਾ ਪੜਤਾਲਕਰਤਾ ਜਿਵੇਂ ਕਿ KMPG, ਨੈਸਲੇ ਦੀ ਅੰਦਰੂਨੀ ਨਿਯੰਤਰਣ ਪ੍ਰਣਾਲੀ ਦੀ ਸਮਝ ਨੂੰ ਪ੍ਰਾਪਤ ਕਰਨ ਵੇਲੇ, ਇਹ ਧਿਆਨ ਰੱਖਦੇ ਹਨ ਕਿ ਕਾਰਪੋਰੇਟ ਵਪਾਰਕ ਸਿਧਾਂਤ ਕਿਵੇਂ ਸਮੂਹ ਦੇ ਸਮੁੱਚੇ ਕਾਰਪੋਰੇਟ ਕੰਪਨੀ ਢਾਂਚੇ ਵਿੱਚ ਫਿਟ ਹੋ ਜਾਂਦੇ ਹਨ। ਨੈਸਲੇ ਐੱਸ. ਏ. ਬੋਰਡ ਨਿਦੇਸ਼ਕਾਂ ਨੂੰ ਖੋਜਾਂ ਅਤੇ ਸਿਫਾਰਸ਼ਾਂ ਦੀ ਸੂਚਨਾ ਬੋਰਡ ਲੇਖਾ-ਪੜਤਾਲ ਕਮੇਟੀ ਰਾਹੀਂ ਦਿੱਤੀ ਜਾਂਦੀ ਹੈ।